ਸਾਂਝੀ ਸੋਚ
SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2566 | 26 August, 2026 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਇਕ ਹੋਰ ਭਾਰਤੀ ਨਾਗਰਿਕ ਐਫਬੀਆਈ ਦੀ ਮੋਸਟ ਵਾਂਟਡ ਸੂਚੀ ਵਿਚ ਸ਼ਾਮਿਲ

## ਇਸ ਮਹੀਨੇ ਕਈ ਭਾਰਤੀਆਂ ਸਮੇਤ 37 ਲੋਕਾਂ ਵਿਰੁੱਧ ਦੋਸ਼ ਆਇਦ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ



ਐਫ ਬੀ ਆਈ ਨੇ ਇੱਕ ਹੋਰ ਭਾਰਤੀ ਨਾਗਰਿਕ ਨੂੰ ਆਪਣੀ ਮੋਸਟ ਵਾਂਟਡ ਸੂਚੀ ਵਿੱਚ ਸ਼ਾਮਲ ਕੀਤਾ ਹੈ ਜਿਸ ਦੀ ਪਛਾਣ ਕਮਲ ਵਜੋਂ ਕੀਤੀ ਗਈ ਹੈ। ਐਫ ਬੀ ਆਈ ਦਾ ਦੋਸ਼ ਹੈ ਕਿ ਕਮਲ ਲਾਰੈਂਸ ਬਿਸ਼ਨੋਈ ਸੰਗਠਿਤ ਅਪਰਾਧ ਸਮੂਹ ਨਾਲ ਜੁੜਿਆ ਹੋਇਆ ਹੈ ਅਤੇ ਜਬਰੀ ਵਸੂਲੀ ਰਾਹੀਂ ਵਪਾਰ ਵਿੱਚ ਦਖਲ ਦੇਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਲੋੜੀਂਦਾ ਹੈ। ਲਾਸ ਏਂਜਲਸ ਵਿੱਚ ਅਮਰੀਕੀ ਜ਼ਿਲਾ ਅਦਾਲਤ ਦੁਆਰਾ 1 ਜੁਲਾਈ ਨੂੰ ਉਸ ਵਿਰੁੱਧ ਇੱਕ ਸੰਘੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ। ਏਜੰਸੀ ਲਾਰੈਂਸ ਬਿਸ਼ਨੋਈ ਸਮੂਹ ਨੂੰ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਮੰਨਦੀ ਹੈ ਜੋ ਮੂਲ ਰੂਪ ਵਿੱਚ ਭਾਰਤ ਦੇ ਪੰਜਾਬ ਰਾਜ ਵਿੱਚ ਪੈਦਾ ਹੋਇਆ ਸੀ ਅਤੇ ਕੈਲੀਫੋਰਨੀਆ ਅਤੇ ਹੋਰ ਥਾਵਾਂ 'ਤੇ ਅਪਰਾਧਕ ਗਤੀਵਿਧੀਆਂ ਵਿਚ ਸਰਗਰਮ ਹੈ। ਐਫ ਬੀ ਆਈ ਨੇ ਭਾਰਤੀ ਨਾਗਰਿਕਾਂ ਮੇਜਰ ਸਿੰਘ ਅਤੇ ਨਿਤੀਸ਼ ਕੌਸ਼ਲ ਨੂੰ ਵੀ ਜੱਗੂ ਭਗਵਾਨਪੁਰੀਆ ਸੰਗਠਿਤ ਅਪਰਾਧ ਸਮੂਹ ਨਾਲ ਕਥਿਤ ਸ਼ਮੂਲੀਅਤ ਲਈ ਸੂਚੀਬੱਧ ਕੀਤਾ ਹੈ। ਐਫ ਬੀ ਆਈ ਅਨੁਸਾਰ ਭਗਵਾਨਪੁਰੀਆ ਸਮੂਹ ਕਤਲ, ਅਗਵਾ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਜਬਰੀ ਵਸੂਲੀ, ਹਥਿਆਰਾਂ ਦੀ ਤਸਕਰੀ, ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਦੇ ਮਾਮਲਿਆਂ ਵਿਚ ਸ਼ਾਮਲ ਹੈ। ਭਾਰਤੀ ਨਾਗਰਿਕ ਅੰਮ੍ਰਿਤਪਾਲ ਸਿੰਘ ਨੂੰ 30 ਜੁਲਾਈ ਨੂੰ ਢਾਂਡਾ ਸਮੂਹ 'ਚ ਕਥਿਤ ਤੌਰ 'ਤੇ ਸ਼ਾਮਲ ਹੋਣ ਕਾਰਨ ਐਫ ਬੀ ਆਈ ਦੀ ਮੋਸਟ ਵਾਂਟਡ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ। ਏਜੰਸੀ ਨੇ ਕਿਹਾ ਕਿ ਇਹ ਸਮੂਹ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸੰਗਠਨਾਂ ਲਈ ਕੋਕੀਨ ਅਤੇ ਮੈਥਾਮਫੇਟਾਮਾਈਨ ਸਪਲਾਈ ਕਰਦਾ ਸੀ। ਐਫ ਬੀ ਆਈ ਨੇ ਕਿਹਾ ਕਿ ਇੱਕ ਹੋਰ ਭਾਰਤੀ ਨਾਗਰਿਕ ਹਰਮਨਵੀਰ ਸਿੰਘ ਨੂੰ 23 ਜੁਲਾਈ ਨੂੰ ਕੈਲੀਫੋਰਨੀਆ ਦੇ ਸਟਾਕਟਨ ਵਿੱਚ ਢਾਂਡਾ ਸਮੂਹ ਨਾਲ ਜੁੜੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕੀ ਨਿਆਂ ਵਿਭਾਗ ਨੇ ਓਪਰੇਸ਼ਨ ਹਾਰਡ ਬਾਲ ਤਹਿਤ 37 ਵਿਅਕਤੀਆਂ 'ਤੇ ਦੋਸ਼ ਲਗਾਏ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਅਧਿਕਾਰੀਆਂ ਨੇ ਤਿੰਨ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਮੂਹਾਂ ਨਾਲ ਜੁੜੇ 24 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨਾਂ ਵਿੱਚੋਂ 11 ਕੈਲੀਫੋਰਨੀਆ ਨਾਲ ਸਬੰਧਤ ਹਨ।

# ਈਡੀ ਨੇ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਅਨੁਰਾਗ ਵਰਮਾ ਨੂੰ ਕੀਤਾ ਤਲਬ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਆਈ.ਏ.ਐੱਸ ਅਧਿਕਾਰੀ ਅਨੁਰਾਗ ਵਰਮਾ ਨੂੰ ਈ.ਡੀ ਨੇ ਪੁੱਛਗਿੱਛ ਲਈ ਤਲਬ ਕੀਤਾ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸੰਨਟੈਕ ਸਿਟੀ ਅਤੇ ਅਲਟਸ ਸਪੇਸ ਬਿਲਡਰਜ਼ ਪ੍ਰਾਈਵੇਟ ਲਿਮਟਿਡ ਨਾਲ ਸਬੰਧਤ ਕਥਿਤ ਘੋਟਾਲੇ ਦੀ ਚੱਲ ਰਹੀ ਜਾਂਚ ਦੇ ਮੱਦੇਨਜ਼ਰ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਅਨੁਰਾਗ ਵਰਮਾ ਨੂੰ 31 ਅਗਸਤ ਨੂੰ ਪੇਸ਼ ਹੋਣ ਲਈ ਸੰਮਨ ਭੇਜਿਆ ਹੈ। ਮਿਲੀ ਜਾਣਕਾਰੀ ਅਨੁਸਾਰ ਈਡੀ ਨੇ ਅਨੁਰਾਗ ਵਰਮਾ ਨੂੰ ਜਲੰਧਰ ਸਥਿਤ ਆਪਣੇ ਜੋਨਲ ਦਫ਼ਤਰ ਵਿੱਚ ਪੇਸ਼ ਹੋਣ ਲਈ ਕਿਹਾ ਹੈ। ਇਸੇ ਮਾਮਲੇ ਵਿੱਚ ਆਈਏਐਸ ਅਧਿਕਾਰੀ ਕੰਵਲ ਪ੍ਰੀਤ ਬਰਾੜ ਨੂੰ ਵੀ ਮੁੜ ਸੰਮਨ ਭੇਜਿਆ ਗਿਆ ਹੈ ਅਤੇ ਉਨ੍ਹਾਂ ਨੂੰ 27 ਅਗਸਤ ਨੂੰ ਈਡੀ ਦੇ ਜਲੰਧਰ ਜੋਨਲ ਦਫ਼ਤਰ ਵਿੱਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਈਡੀ ਵੱਲੋਂ ਸਨਟੈਕ ਸਿਟੀ ਅਤੇ ਅਲਟਸ ਸਪੇਸ ਬਿਲਡਰਜ਼ ਪ੍ਰਾਈਵੇਟ ਲਿਮਟਿਡ ਨਾਲ ਜੁੜੇ ਕਥਿਤ ਘੁਟਾਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਦੇ ਸਿਲਸਿਲੇ ਵਿੱਚ ਦੋਵਾਂ ਆਈਏਐਸ ਅਧਿਕਾਰੀਆਂ ਨੂੰ ਵੱਖ-ਵੱਖ ਤਰੀਕਾਂ 'ਤੇ ਪੁੱਛਗਿੱਛ ਲਈ ਤਲਬ ਕੀਤਾ ਗਿਆ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and
Post Cards to promote your business
BUSINESS CARD DESIGN
WE DESIGN YOUR
BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਕੀ ਅਸਹਿਮਤੀ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆਉਣਾ ਜਾਇਜ਼ ਹੈ?



ਗੁਰਮੀਤ ਸਿੰਘ ਪਲਾਹੀ
98158-02070

ਭਾਰਤ ਵਿੱਚ ਅਸਹਿਮਤੀ ਅਤੇ ਰਾਸ਼ਟਰਵਾਦ ਦੀ ਪਰਿਭਾਸ਼ਾ ਨੂੰ ਲੈ ਕੇ ਇੱਕ ਗੰਭੀਰ ਬਹਿਸ ਛਿੜੀ ਹੋਈ ਹੈ। ਇਹ ਵਿਵਾਦ ਉਦੋਂ ਹੋਰ ਤਿੱਖਾ ਹੋ ਗਿਆ ਜਦੋਂ ਦੇਸ਼ ਦੀ ਮੁੱਖ ਵਿਰੋਧੀ ਧਿਰ ਅਤੇ ਸਭ ਤੋਂ ਪੁਰਾਣੀ ਸਿਆਸੀ ਪਾਰਟੀ-ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਸਮਾਗਮ ਦੌਰਾਨ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਪਹਿਲੇ ਦੋ ਪੈਰੇ ਹੀ ਗਾਏ ਗਏ। ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਕਾਂਗਰਸ ਦੇ ਇਸ ਰਵੱਈਏ ਨੂੰ ਰਾਸ਼ਟਰ-ਵਿਰੋਧੀ ਅਤੇ ਰਾਸ਼ਟਰੀ ਪ੍ਰਤੀਕਾਂ ਦਾ ਅਪਮਾਨ ਕਰਾਰ ਦਿੱਤਾ। ਹਾਲਾਂਕਿ, ਇਹ ਟਕਰਾਅ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਿਹਾ, ਸਗੋਂ ਰਾਸ਼ਟਰੀ ਪ੍ਰਤੀਕਾਂ ਅਤੇ ਅਸਹਿਮਤੀ ਦੇ ਅਧਿਕਾਰਾਂ ਨੂੰ ਕਾਨੂੰਨੀ ਸ਼ਿਕੰਜੇ ਵਿੱਚ ਕੱਸਣ ਦੀ ਇੱਕ ਵੱਡੀ ਕੋਸ਼ਿਸ਼ ਵਜੋਂ ਸਾਹਮਣੇ ਆ ਰਿਹਾ ਹੈ।

ਸਵਾਲ ਸਿਰਫ਼ ਇਹ ਨਹੀਂ ਹੈ ਕਿ ਕਾਂਗਰਸ ਨੇ 'ਵੰਦੇ ਮਾਤਰਮ' ਦੇ ਦੋ ਪੈਰੇ ਹੀ ਕਿਉਂ ਗਾਏ, ਸਗੋਂ ਅਸਲ ਸਵਾਲ ਇਹ ਹੈ ਕਿ ਕੀ ਵਿਚਾਰਧਾਰਕ ਅਸਹਿਮਤੀ ਅਤੇ ਰਾਜਨੀਤਿਕ ਵਿਰੋਧ ਨੂੰ ਕਾਨੂੰਨ ਦੀਆਂ ਸ਼ਰਤਾਂ ਅਧੀਨ ਅਪਰਾਧ ਬਣਾਉਣਾ ਇੱਕ ਲੋਕਤੰਤਰੀ ਪ੍ਰਣਾਲੀ ਲਈ ਠੀਕ ਹੈ? ਕੀ ਜਨ-ਅੰਦੋਲਨਾਂ ਜਾਂ ਵਿਚਾਰਧਾਰਕ ਵਿਰੋਧੀਆਂ ਨੂੰ 'ਅਰਬਨ ਨਕਸਲੀ' ਜਾਂ 'ਦਿਮਾਗੀ ਨਕਸਲੀ' ਗਰਦਾਨ ਕੇ ਦੇਸ਼-ਧ੍ਰੋਹੀ ਠਹਿਰਾਉਣਾ ਲੋਕਤੰਤਰ ਦੀ ਆਤਮਾ ਦੇ ਅਨੁਕੂਲ ਹੈ?

ਇਹ ਸਥਿਤੀ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ ਹੈ, ਸਗੋਂ ਵਿਸ਼ਵ ਦੇ ਕਈ ਲੋਕਤੰਤਰੀ ਦੇਸ਼ਾਂ ਵਿੱਚ ਵੀ ਅਜਿਹੇ ਤਣਾਅ ਦੇਖਣ ਨੂੰ ਮਿਲੇ ਹਨ। ਜਦੋਂ ਵੀ ਕੋਈ ਰਾਸ਼ਟਰੀ ਗੀਤ ਜਾਂ ਰਾਸ਼ਟਰਗਾਨ ਕਿਸੇ ਵਿਸ਼ੇਸ਼ ਧਰਮ, ਨਸਲ ਜਾਂ ਭਾਸ਼ਾਈ ਪਛਾਣ ਨਾਲ ਡੂੰਘਾ ਜੁੜ ਜਾਂਦਾ ਹੈ, ਤਾਂ ਬਹੁ-ਗਿਣਤੀਵਾਦੀ ਲੋਕਤੰਤਰਾਂ ਵਿੱਚ ਅਜਿਹੇ ਵਿਵਾਦ ਉੱਭਰਦੇ ਹਨ। ਸ਼੍ਰੀਲੰਕਾ, ਜਰਮਨੀ, ਫਰਾਂਸ, ਇਜ਼ਰਾਈਲ ਅਤੇ ਕੈਨੇਡਾ ਵਰਗੇ ਦੇਸ਼ ਵੀ ਅਜਿਹੇ ਵਿਰੋਧਾਂ ਅਤੇ ਸੋਧਾਂ ਦੇ ਦੌਰ ਵਿੱਚੋਂ ਲੰਘ ਚੁੱਕੇ ਹਨ।

ਬਹੁਤ ਸਾਰੇ ਲੋਕਤੰਤਰਾਂ ਵਿੱਚ ਇਹ ਸਵਾਲ ਉੱਠਦਾ ਰਿਹਾ ਹੈ ਕਿ ਕੀ ਰਾਸ਼ਟਰੀ ਪ੍ਰਤੀਕ ਸਭ ਪ੍ਰਤੀਨਿਧਤਾ ਕਰਦੇ ਹਨ ਜਾਂ ਕਿਸੇ ਵਿਸ਼ੇਸ਼ ਵਰਗ ਨੂੰ ਬਾਹਰ ਛੱਡ ਦਿੰਦੇ ਹਨ। ਇਨ੍ਹਾਂ ਉਦਾਹਰਨਾਂ ਵਿੱਚ ਇੱਕ ਸਾਂਝਾ ਸੂਤਰ ਦਿਸਦਾ ਹੈ ਕਿ ਜਿੱਥੇ ਸਰਕਾਰਾਂ ਬਹੁ-ਸੰਖਿਅਕ ਭਾਵਨਾ ਦੇ ਦਬਾਅ ਹੇਠ ਗੀਤ ਦਾ ਪੂਰਾ ਜਾਂ ਇੱਕ-ਤਰਫ਼ਾ ਸੰਸਕਰਨ ਠੋਪਣ ਦੀ ਕੋਸ਼ਿਸ਼ ਕਰਦੀਆਂ ਹਨ, ਉੱਥੇ ਇਹ ਕਦਮ ਏਕਤਾ ਨਾਲੋਂ ਵੱਧ ਵੰਡ ਪੈਦਾ ਕਰਦਾ ਆਇਆ ਹੈ।

ਇਹੋ ਜਿਹੀ ਸਥਿਤੀ ਸ਼੍ਰੀਲੰਕਾ ਵਿੱਚ 2010 ਵਿੱਚ ਦੇਖਣ ਨੂੰ ਮਿਲੀ, ਪਰ ਜਿੱਥੇ ਲਚਕੀਲਾਪਣ ਅਪਣਾਇਆ ਗਿਆ-ਜਿਵੇਂ ਜਰਮਨੀ ਦਾ ਅੰਸ਼ਕ ਗਾਇਨ ਜਾਂ ਕੈਨੇਡਾ ਦਾ ਪੁਨਰ-ਲੇਖਣ-ਉੱਥੇ ਮੁਕਾਬਲਤਨ ਮਾਹੌਲ ਸ਼ਾਂਤ ਹੋਇਆ। ਭਾਰਤ ਵਿੱਚ ਆਖਰ ਇਸ ਵਿਚਾਰਧਾਰਕ ਬਹਿਸ ਜਾਂ ਮੁੱਦੇ ਪਿੱਛੇ ਕਿਹੜੀ ਸੋਚ ਕੰਮ ਕਰ ਰਹੀ ਹੈ? ਕਾਂਗਰਸ ਦਾ ਤਰਕ ਕਿਸੇ ਸਿਆਸੀ ਚਤੁਰਾਈ ਵਿੱਚੋਂ ਨਹੀਂ, ਸਗੋਂ ਆਜ਼ਾਦੀ ਦੀ ਲੜਾਈ ਵੇਲੇ ਹੋਈ ਇੱਕ ਵਿਚਾਰਕ ਬਹਿਸ ਵਿੱਚੋਂ ਨਿਕਲਿਆ ਹੈ। 'ਵੰਦੇ ਮਾਤਰਮ' 1875 ਵਿੱਚ ਬੰਕਿਮ ਚੰਦਰ ਚੈਟਰਜੀ ਨੇ ਲਿਖਿਆ। ਸਵਦੇਸ਼ੀ ਅੰਦੋਲਨ ਦੇ ਦੌਰ ਵਿੱਚ ਇਹ ਗੀਤ ਆਜ਼ਾਦੀ ਦੀ ਲੜਾਈ ਦਾ ਪ੍ਰਤੀਕ ਬਣ ਗਿਆ। ਲੇਕਿਨ ਦੇਸ਼ ਵਿੱਚ ਸਿਆਸੀ ਧਿਰ ਮੁਸਲਿਮ ਲੀਗ ਨੇ ਇਸ ਗੀਤ ਦਾ ਬਾਅਦ ਵਿੱਚ ਵਿਰੋਧ ਕੀਤਾ, ਇਸੇ ਕਰਕੇ ਕਿ ਇਸ ਦੇ ਕੁਝ ਹਿੱਸਿਆਂ ਵਿੱਚ ਭਾਰਤ ਮਾਤਰ-ਭੂਮੀ ਨੂੰ ਦੇਵੀ ਦੇ ਬਿੰਬਾਂ ਨਾਲ ਸ਼ਿੰਗਾਰਿਆ ਹੋਇਆ ਸੀ।

ਜਦੋਂ ਇਸ ਗੀਤ ਸਬੰਧੀ ਵਿਰੋਧ ਵਧਿਆ ਤਾਂ ਉਸ ਉੱਤੇ ਕਾਂਗਰਸ ਅਤੇ ਆਜ਼ਾਦੀ ਦੇ ਰਹਿਨੁਮਾਵਾਂ ਨੇ ਡੂੰਘੀ ਵਿਚਾਰ-ਚਰਚਾ ਕੀਤੀ। ਇਹ ਗੱਲ ਵੀ ਧਿਆਨ ਵਿੱਚ ਰੱਖਣਯੋਗ ਹੈ ਕਿ ਜਿਵੇਂ ਰਾਸ਼ਟਰਗਾਨ 'ਜਨ ਗਨ ਮਨ' ਦੇ ਕੁੱਲ ਪੰਜ ਬੰਦ (ਪੈਰੇ) ਹਨ, ਪਰ ਸੰਵਿਧਾਨ ਸਭਾ ਦੁਆਰਾ ਸਭ ਦੀ ਸਵੀਕਾਰਤਾ ਲਈ ਉਸ ਦਾ ਸਿਰਫ਼ ਪਹਿਲਾ ਬੰਦ ਹੀ ਅਪਣਾਇਆ ਗਿਆ ਹੈ, ਉਸੇ ਤਰ੍ਹਾਂ 'ਵੰਦੇ ਮਾਤਰਮ' ਦੇ ਕੁੱਲ ਛੇ ਬੰਦ ਹਨ। ਮੰਨਿਆ ਗਿਆ ਕਿ ਪੂਰੀ ਕਵਿਤਾ ਦੇ ਬਾਅਦ ਵਾਲੇ ਹਿੱਸਿਆਂ ਨਾਲ ਕੁਝ ਵਰਗਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਸਕਦੀ ਹੈ, ਕਿਉਂਕਿ ਇਸ ਦੇ ਤੀਜੇ ਬੰਦ ਵਿੱਚ ਮਾਂ-ਭੂਮੀ ਦੀ ਰੱਖਿਆ ਲਈ ਤਲਵਾਰ ਚੁੱਕਣ ਦੀ ਗੱਲ ਹੈ, ਚੌਥੇ ਪੈਰੇ ਵਿੱਚ ਹਰ ਮੰਦਰ ਵਿੱਚ ਛਵੀ ਦਾ ਜ਼ਿਕਰ ਹੈ, ਅਤੇ ਪੰਜਵੇਂ ਵਿੱਚ ਮਾਂ-ਭੂਮੀ ਦੀ ਤੁਲਨਾ ਸਿੱਧੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਨਾਲ ਕੀਤੀ ਗਈ ਹੈ। ਇਸ ਲਈ ਕਾਂਗਰਸ ਅਤੇ ਸੰਵਿਧਾਨ ਸਭਾ ਦੀ ਸਹਿਮਤੀ ਨਾਲ ਪਹਿਲੇ ਦੋ ਬੰਦ-ਜੋ ਸਭ ਨੂੰ ਸਵੀਕਾਰਯੋਗ ਸਨ-ਹੀ ਗਾਉਣ ਦਾ ਫੈਸਲਾ ਲਿਆ ਗਿਆ।

ਇਤਿਹਾਸਕਾਰ 'ਤਨਿਕਾ ਸਰਕਾਰ' ਦਾ ਇਸ ਗੀਤ ਬਾਰੇ ਕਹਿਣਾ ਹੈ ਕਿ ਇਹ ਗੀਤ, ਜਿਹੜਾ ਕਿ ਲੇਖਕ ਨੇ 'ਆਨੰਦ ਮਠ' ਨਾਵਲ ਦਾ ਹਿੱਸਾ ਬਣਾਇਆ ਸੀ, ਸਪਸ਼ਟ ਰੂਪ ਵਿੱਚ ਮੁਸਲਮਾਨਾਂ ਨੂੰ ਦੁਸ਼ਮਣ ਦੇ ਰੂਪ ਵਿੱਚ ਚਿਤਰਿਤ ਕਰਦਾ ਹੈ ਅਤੇ ਮਾਤਰ-ਭੂਮੀ ਇੱਕ ਹਿੰਦੂ ਦੇਵੀ ਦਾ ਰੂਪ ਲੈਂਦੀ ਹੈ। ਇਹੋ ਬਿੰਦੂ ਹੈ ਜੋ ਗੀਤ ਦੀ ਬਹੁ-ਧਾਰਮਿਕ ਭਾਰਤ ਦੇ ਲਈ ਝਗੜੇ ਦੀ ਜੜ੍ਹ ਬਣਦਾ ਹੈ। ਆਜ਼ਾਦੀ ਤੋਂ ਬਾਅਦ ਇਹ ਬਹਿਸ ਸੰਵਿਧਾਨ ਸਭਾ ਵਿੱਚ ਦੁਹਰਾਈ ਗਈ। 24 ਜਨਵਰੀ 1950 ਨੂੰ ਇਹ ਪ੍ਰਵਾਨ ਕੀਤਾ ਗਿਆ ਕਿ 'ਜਨ ਗਨ ਮਨ' ਰਾਸ਼ਟਰੀ ਗਾਣ ਹੋਵੇਗਾ, ਪਰ 'ਵੰਦੇ ਮਾਤਰਮ'- ਜਿਸ ਨੇ ਆਜ਼ਾਦੀ ਦੀ ਲੜਾਈ ਵਿੱਚ ਇਤਿਹਾਸਕ ਭੂਮਿਕਾ ਨਿਭਾਈ- ਉਸ ਨੂੰ 'ਜਨ ਗਨ ਮਨ' ਦੇ ਬਰਾਬਰ ਦਾ ਦਰਜਾ ਮਿਲੇਗਾ। ਪਰ ਇਹ ਇੱਕ ਘੋਸ਼ਣਾ ਸੀ, ਇਸ ਸਬੰਧੀ ਕੋਈ ਕਾਨੂੰਨ ਨਹੀਂ ਸੀ ਬਣਿਆ। ਅੱਜ ਇਹੋ 'ਵੰਦੇ ਮਾਤਰਮ' ਸੱਤ ਦਹਾਕਿਆਂ ਬਾਅਦ ਇੱਕ ਵਾਰ ਫਿਰ ਤੋਂ ਗੰਭੀਰ ਕਾਨੂੰਨੀ ਬਹਿਸ ਦਾ ਮੁੱਖ ਵਿਸ਼ਾ ਬਣ ਗਿਆ ਹੈ।

ਕਾਨੂੰਨੀ ਮਾਹਰ ਇਸ ਉੱਤੇ ਬਾਰੀਕ ਸਵਾਲ ਚੁੱਕ ਰਹੇ ਹਨ। ਇੱਕ ਵਿਸ਼ਲੇਸ਼ਣ ਦੇ ਮੁਤਾਬਕ 'ਵੰਦੇ ਮਾਤਰਮ' ਦਾ ਸੰਵਿਧਾਨਕ ਦਰਜਾ 'ਜਨ ਗਨ ਮਨ' ਜਿਹਾ ਕਦੇ ਰਿਹਾ ਹੀ ਨਹੀਂ ਹੈ। ਸੰਵਿਧਾਨ ਸਭਾ ਨੇ 'ਜਨ ਗਨ ਮਨ' ਨੂੰ ਰਸਮੀ ਰੂਪ ਵਿੱਚ ਰਾਸ਼ਟਰੀ ਗਾਣ ਚੁਣਿਆ, ਜਦਕਿ 'ਵੰਦੇ ਮਾਤਰਮ' ਨੂੰ ਅਲੱਗ ਤੋਂ ਰਾਸ਼ਟਰੀ ਗੀਤ ਦਾ ਦਰਜਾ ਦਿੱਤਾ ਗਿਆ। ਇਸ ਦਰਜੇ ਦੀ ਪੁਸ਼ਟੀ ਸੰਵਿਧਾਨ ਸਭਾ ਦੇ ਚੇਅਰਮੈਨ ਨੇ ਇੱਕ ਬਿਆਨ ਵਿੱਚ ਦਿੱਤੀ ਸੀ, ਕਿਸੇ ਪਾਸ ਕੀਤੇ ਮਤੇ ਦੇ ਰੂਪ ਵਿੱਚ ਨਹੀਂ। ਸਵਾਲ ਉਠਾਏ ਜਾ ਰਹੇ ਹਨ ਕਿ 'ਵੰਦੇ ਮਾਤਰਮ' ਨੂੰ ਰਸਮੀ ਮਾਨਤਾ ਦੇਣ ਦਾ ਫੈਸਲਾ ਹੁਣ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਇੱਕ-ਤਰਫ਼ਾ ਫੈਸਲਾ ਹੈ। ਕਾਨੂੰਨ ਅਨੁਸਾਰ ਰਾਸ਼ਟਰਗਾਨ ('ਜਨ ਗਨ ਮਨ') ਰੋਕਣਾ ਜਾਂ ਗਾਇਨ ਕਰ ਰਹੀ ਸਭਾ ਵਿੱਚ ਰੁਕਾਵਟ ਪਾਉਣਾ ਤਿੰਨ ਸਾਲ ਦੀ ਕੈਦ ਜਾਂ ਜੁਰਮਾਨਾ ਦੋਨੋਂ ਨਿਰਧਾਰਤ ਹਨ। ਇਹੋ ਕਾਨੂੰਨ ਹੁਣ ਸੰਸਦ ਵਿੱਚ ਪਾਸ ਕੀਤੇ ਪ੍ਰਸਤਾਵ ਅਨੁਸਾਰ 'ਵੰਦੇ ਮਾਤਰਮ' 'ਤੇ ਵੀ ਲਾਗੂ ਹੋਵੇਗਾ।

ਭਾਰਤ ਵਿੱਚ ਇਹ ਬਹਿਸ ਸਿਰਫ਼ ਇਤਿਹਾਸ ਜਾਂ ਸਾਹਿਤਕ ਵਿਆਖਿਆ ਤੱਕ ਸੀਮਤ ਨਹੀਂ ਹੈ, ਬਲਕਿ ਸਜ਼ਾ ਦਾ ਹਿੱਸਾ ਬਣ ਚੁੱਕੀ ਹੈ। ਕਾਂਗਰਸ ਆਪਣੇ ਪੁਰਾਣੇ ਰੁਖ 'ਤੇ ਕਾਇਮ ਹੈ, ਜਦਕਿ ਕੇਂਦਰ ਨੇ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਹੈ। ਦੋਹਾਂ ਪੱਖਾਂ ਵਿੱਚ ਟਕਰਾਅ ਅਗਲੇ ਦਿਨਾਂ ਵਿੱਚ ਹੋਰ ਵੀ ਤਿੱਖਾ ਹੋ ਸਕਦਾ ਹੈ। ਖਾਸ ਕਰਕੇ ਉਦੋਂ ਜਦੋਂ ਪਾਰਟੀ ਦੇ ਸਮਾਗਮਾਂ ਵਿੱਚ ਸਿਰਫ਼ ਕਾਂਗਰਸ ਦੋ ਪੈਰੇ ਹੀ ਗਾਏਗੀ ਅਤੇ ਸਰਕਾਰੀ ਪ੍ਰੋਗਰਾਮਾਂ ਵਿੱਚ ਛੇ ਪੈਰੇ ਹੀ ਗਾਏ ਜਾਣਗੇ। ਇਹ ਖਾਈ ਵਧੇਗੀ ਜੋ ਨਵੇਂ ਝਗੜਿਆਂ ਨੂੰ ਜਨਮ ਦੇਵੇਗੀ। ਹੁਣ ਵਾਲੇ ਵਿਵਾਦ ਦਾ ਤਤਕਾਲਕ ਕਾਰਨ 15 ਅਗਸਤ ਨੂੰ ਕਾਂਗਰਸ ਦੇ ਹੈੱਡਕੁਆਰਟਰ ਵਿੱਚ ਆਜ਼ਾਦੀ ਦਿਹਾੜੇ ਦੇ ਸਮਾਰੋਹ ਵਿੱਚ 'ਵੰਦੇ ਮਾਤਰਮ' ਗੀਤ ਦੇ ਦੋ ਪੈਰੇ ਗਾਉਣ ਤੋਂ ਬਾਅਦ ਉਸ ਨੂੰ ਬੰਦ ਕਰਨ ਤੋਂ ਹੋਇਆ। ਇਸ ਦੌਰਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਖੜਗੇ ਦੇ ਆਚਰਣ ਨੂੰ ਲੈ ਕੇ ਸੱਤਾਧਾਰੀ ਧਿਰ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਉਹ ਅਸਹਿਮਤੀ ਵਿਚਾਰਾਂ ਵਾਲਿਆਂ ਨੂੰ ਖ਼ਤਮ ਰਹੀ ਹੈ। ਭਾਜਪਾ ਦੇਸ਼ ਵਿੱਚੋਂ ਕਾਂਗਰਸ ਨੂੰ ਖ਼ਤਮ ਕਰਨ ਲਈ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਲਾ ਰਹੀ ਹੈ। ਅਤੇ ਕਾਂਗਰਸ ਨੂੰ ਆਪਣਾ ਦੁਸ਼ਮਣ ਸਮਝ ਰਹੀ ਹੈ। ਇਸੇ ਕਰਕੇ ਮੋਦੀ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਅੰਦੋਲਨ ਮੋਦੀ ਸਰਕਾਰ ਨੇ ਸਖਤੀ ਨਾਲ ਕੁਚਲ ਦਿੱਤੇ। ਸੈਂਕੜੇ ਬੁੱਧੀਜੀਵੀ, ਪੱਤਰਕਾਰ, ਸਮਾਜੀ ਕਾਰਕੁਨ ਜੇਲ੍ਹਾਂ 'ਚ ਡੱਕੇ। ਜਦੋਂ ਮੋਦੀ ਸਰਕਾਰ ਬਣੀ, ਉਸਨੇ ਖੱਬੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਦੁਸ਼ਮਣਾਂ ਦੀ ਸ਼੍ਰੇਣੀ 'ਚ ਰੱਖ ਲਿਆ। ਉਂਝ ਜਿਵੇਂ ਕਾਂਗਰਸ ਦੇ ਦੌਰ ਵਿੱਚ ਸੰਘੀਆਂ ਨੂੰ ਦੇਸ਼ ਦੇ ਦੁਸ਼ਮਣ ਕਹਿਣਾ ਗਲਤ ਸੀ, ਅੱਜ ਖੱਬੀਆਂ ਧਿਰਾਂ ਅਤੇ ਵਿਦਿਆਰਥੀਆਂ ਨੂੰ ਦਿਮਾਗੀ ਨਕਸਲ ਕਹਿਣਾ ਵੀ ਗਲਤ ਹੈ।

ਪਿਛਲੇ 12-14 ਸਾਲਾਂ ਦੌਰਾਨ ਦੇਸ਼ ਵਿੱਚ ਹੋਏ ਜਨ-ਅੰਦੋਲਨਾਂ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਇਸੇ ਅਸਹਿਮਤੀ ਨੂੰ ਕੁਚਲਣ ਦੀ ਨੀਤੀ ਦਾ ਪ੍ਰਤੱਖ ਪ੍ਰਮਾਣ ਹੈ। ਇਤਿਹਾਸਕ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਚੱਲੇ ਸ਼ਾਂਤਮਈ ਕਿਸਾਨ ਅੰਦੋਲਨ ਨੂੰ 'ਅੰਦੋਲਨਜੀਵੀ' ਅਤੇ 'ਦੇਸ਼-ਵਿਰੋਧੀ' ਕਹਿ ਕੇ ਭੰਡਿਆ ਗਿਆ।

ਨਾਗਰਿਕਤਾ ਕਾਨੂੰਨ (ਸੀਏਏ) ਦੇ ਵਿਰੋਧ ਵਿੱਚ ਸ਼ਾਹੀਨ ਬਾਗ਼ ਵਿਖੇ ਔਰਤਾਂ ਦੁਆਰਾ ਕੀਤੇ ਗਏ ਪੁਰਅਮਨ ਪ੍ਰਦਰਸ਼ਨਾਂ ਨੂੰ ਫਿਰਕੂ ਰੰਗਤ ਦੇ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਵੀ ਅੱਗੇ, ਅਸਹਿਮਤੀ ਦੀ ਆਵਾਜ਼ ਚੁੱਕਣ ਵਾਲੇ ਬੁੱਧੀਜੀਵੀ, ਲੇਖਕਾਂ ਅਤੇ ਪੱਤਰਕਾਰਾਂ 'ਤੇ ਸਖ਼ਤ ਕਾਨੂੰਨਾਂ (ਜਿਵੇਂ ਯੂਏਪੀਏ) ਤਹਿਤ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਸਾਲਾਂਬੱਧੀ ਜੇਲ੍ਹਾਂ ਵਿੱਚ ਬੰਦ ਰੱਖਿਆ ਗਿਆ-ਜਿਨ੍ਹਾਂ ਵਿੱਚ ਵਰਵਰਾ ਰਾਓ, ਸੁਧਾ ਭਾਰਦਵਾਜ, ਗੌਤਮ ਨਵਲਖਾ ਅਤੇ ਫਾਦਰ ਸਟੈਨ ਸਵਾਮੀ (ਜਿਨ੍ਹਾਂ ਦੀ ਹਿਰਾਸਤ ਦੌਰਾਨ ਮੌਤ ਹੋ ਗਈ) ਵਰਗੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਗੌਰੀ ਲੰਕੇਸ਼, ਐੱਮ. ਐੱਮ. ਕਲਬੁਰਗੀ ਅਤੇ ਗੋਬਿੰਦ ਪਾਨਸਰੇ ਵਰਗੇ ਸੁਤੰਤਰ ਵਿਚਾਰਵਾਨਾਂ ਦੀਆਂ ਹੱਤਿਆਵਾਂ ਨੇ ਇਹ ਸਪਸ਼ਟ ਕਰ ਦਿੱਤਾ ਕਿ ਦੇਸ਼ ਵਿੱਚ ਵੱਖਰੀ ਰਾਇ ਜਾਂ ਅਸਹਿਮਤੀ ਰੱਖਣ ਵਾਲਿਆਂ ਲਈ ਘੇਰਾ ਕਿੰਨਾ ਤੰਗ ਕੀਤਾ ਜਾ ਰਿਹਾ ਹੈ।

ਸਾਡਾ ਦੇਸ਼ ਭਾਰਤ ਲੋਕਤੰਤਰਿਕ ਹੈ, ਬਹੁ-ਧਰਮੀ ਦੇਸ਼ ਹੈ, ਬਹੁ-ਭਾਸ਼ਾਈ ਦੇਸ਼ ਹੈ। ਸਾਡੇ ਸੰਵਿਧਾਨ ਵਿੱਚ ਰਾਸ਼ਟਰੀ ਪ੍ਰਤੀਕਾਂ ਨੂੰ ਸਹਿਮਤੀ ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ । ਪਰ ਪ੍ਰਤੀਕਾਤਮਕ ਜਾਂ ਸਿਆਸੀ ਅਸਹਿਮਤੀ ਰੱਖਣ ਵਾਲੇ ਲੋਕਾਂ ਖ਼ਿਲਾਫ਼ ਇਹੋ ਜਿਹੇ ਕਾਨੂੰਨ ਨੂੰ ਵਰਤਣਾ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਉੱਤੇ ਸਿੱਧਾ ਹਮਲਾ ਹੈ। ਮੌਜੂਦਾ ਸੱਤਾਧਾਰੀ ਧਿਰ ਦੇ ਮੁੱਖ ਹਾਕਮਾਂ ਵੱਲੋਂ ਦੇਸ਼ ਵਿੱਚ ਜਿਸ ਢੰਗ ਨਾਲ ਅਸਹਿਮਤੀ ਵਾਲੇ ਵਿਚਾਰਾਂ ਵਾਲੇ ਲੋਕਾਂ ਨੂੰ ਨੁੱਕਰੇ ਲਾਉਣ ਦਾ ਵਰਤਾਰਾ ਜਾਰੀ ਹੈ, ਉਹ ਦੇਸ਼ ਹਿੱਤ ਵਿੱਚ ਨਹੀਂ ਹੈ।

ਅੱਜ ਜਦੋਂ ਭਾਰਤ ਵਿੱਚ ਨੌਜਵਾਨਾਂ ਦਾ ਭਰੋਸਾ ਹਾਕਮਾਂ ਤੋਂ ਪੂਰੀ ਤਰ੍ਹਾਂ ਲਹੂ-ਲੁਹਾਨ ਹੋ ਚੁੱਕਾ ਹੈ, ਕਿਉਂਕਿ ਉਨ੍ਹਾਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ, ਉਦੋਂ ਉਨ੍ਹਾਂ ਦੇ ਦਰਦ ਅਤੇ ਸੰਤਾਪ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਸੀ। ਪਰ ਇਸ ਦੇ ਉਲਟ, ਨੌਜਵਾਨਾਂ ਨੂੰ 'ਸਕੂਲ ਠੀਕ ਕਰੋ' ਅਭਿਆਨ ਲਾਗੂ ਕਰਨ ਲਈ 'ਦਿਮਾਗੀ ਨਕਸਲੀ' ਕਰਾਰ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਤਾਂ ਹੁਣ ਉਨ੍ਹਾਂ ਸਾਰੇ ਅਸਹਿਮਤੀ ਰੱਖਣ ਵਾਲੇ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਨੂੰ 'ਦਿਮਾਗੀ ਨਕਸਲ' ਕਹਿਣ ਲੱਗ ਪਏ ਹਨ। ਇਹ ਵਰਤਾਰਾ ਨਾ ਕੇਵਲ ਨੌਜਵਾਨਾਂ ਦੇ ਮਨੋਬਲ ਨੂੰ ਤੋੜਦਾ ਹੈ, ਸਗੋਂ ਲੋਕਤੰਤਰੀ ਪ੍ਰਕਿਰਿਆ ਤੋਂ ਉਨ੍ਹਾਂ ਦਾ ਵਿਸ਼ਵਾਸ ਹੀ ਪੂਰੀ ਤਰ੍ਹਾਂ ਖ਼ਤਮ ਕਰ ਦਿੰਦਾ ਹੈ।

ਸੰਵਿਧਾਨ ਦੇਸ਼ ਦੇ ਨਾਗਰਿਕਾਂ ਨੂੰ ਜਿਊਣ ਦਾ ਹੱਕ ਦਿੰਦਾ ਹੈ, ਵਿਚਾਰਾਂ ਦੇ ਆਧਾਰ ਉੱਤੇ ਜਿਊਣ ਦਾ ਹੱਕ ਦਿੰਦਾ ਹੈ। ਜੇਕਰ ਕੋਈ ਸੱਤਾ ਪ੍ਰਤੀ, ਉਨ੍ਹਾਂ ਦੀਆਂ ਨੀਤੀਆਂ ਪ੍ਰਤੀ ਅਸਹਿਮਤੀ ਪ੍ਰਗਟ ਕਰਦਾ ਹੈ, ਤਾਂ ਉਹ ਦੇਸ਼-ਧ੍ਰੋਹੀ ਕਿਵੇਂ ਹੋਇਆ? ਉਹ ਦੇਸ਼ ਦਾ ਦੁਸ਼ਮਣ ਕਿਵੇਂ ਹੋਇਆ? ਭਾਵੇਂ ਉਹ ਹਿੰਦੂ ਹੈ, ਸਿੱਖ ਹੈ, ਮੁਸਲਿਮ ਹੈ, ਈਸਾਈ ਹੈ-ਉਹ ਤਾਂ ਭਾਰਤ ਦਾ ਬਾਸ਼ਿੰਦਾ ਹੈ। ਕਿਸੇ ਦੀ ਦੇਸ਼ ਭਗਤੀ ਦਾ ਪੈਮਾਨਾ ਸੱਤਾਧਾਰੀ ਧਿਰ ਦੀ ਹਾਂ ਵਿੱਚ ਹਾਂ ਮਿਲਾਉਣਾ ਨਹੀਂ ਹੋ ਸਕਦਾ। ਜੇਕਰ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਨੌਜਵਾਨਾਂ ਉੱਤੇ ਦੇਸ਼-ਧ੍ਰੋਹ ਦੇ ਲੇਬਲ ਲਗਾਏਗੀ, ਤਾਂ ਅਸਹਿਮਤੀ ਦੇ ਅਧਿਕਾਰ ਨੂੰ ਕਾਨੂੰਨ ਦੀਆਂ ਜ਼ੰਜੀਰਾਂ ਵਿੱਚ ਜਕੜ ਕੇ ਕਿਸੇ ਵੀ ਦੇਸ਼ ਨੂੰ ਮਜ਼ਬੂਤ ਅਤੇ ਬੁਲੰਦ ਨਹੀਂ ਬਣਾਇਆ ਜਾ ਸਕਦਾ।

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

ਡਤਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ,
# ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
**Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ
ਡੌਕੂਮੈਂਟ ਇਕੱਤਰ ਰੱਖੋ.

INVOICE
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ
ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ,
ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ**
**TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ
ਅੱਗੇ ਵਧੋ!

QR ਸਕੈਨ ਕਰੋ
ਤੇ Traki
ਡਾਊਨਲੋਡ ਕਰੋ
ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ,
ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ
ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨਾਂ ਵੀ
ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ
ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.

# 'ਮੇਲਾ ਮਾਵਾਂ ਅਤੇ ਧੀਆਂ ਦਾ' ਪਲੇਠੇ ਪ੍ਰੋਗਰਾਮ ਨੇ ਕਰਮਨ ਸ਼ਹਿਰ ਨੂੰ ਦਿੱਤੀ ਸਭਿਆਚਾਰਕ ਰੰਗਤ "ਪੰਜਾਬੀਆਂ ਦੇ ਨਾਲ ਅਮੈਰੀਕਨ ਵੀ ਨੱਚੇ"

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਫਰਿਜ਼ਨੋ ਦਾ ਨਜ਼ਦੀਕੀ ਸ਼ਹਿਰ ਕਰਮਨ ਪੰਜਾਬੀ ਭਾਈਚਾਰੇ ਦਾ ਪਸੰਦੀਦਾ ਸਥਾਨ ਬਣ ਗਿਆ ਹੈ। ਇੱਥੇ ਪੰਜਾਬੀ ਭਾਈਚਾਰੇ ਦੀ ਵੱਸੋਂ ਵੀ ਬਹੁਤ ਵੱਡੀ ਗਿਣਤੀ ਵਿੱਚ ਹੈ। ਪਰ ਇੱਥੇ ਪਹਿਲੀ ਵਾਰ ਗੁਰਮੋਹਨ ਕੌਰ ਉੱਭੀ, ਕਿਰਨਜੋਤ ਕੌਰ ਢੇਸੀ, ਜਸਵੀਰ ਕੌਰ ਹੀਰ, ਪਰਮਜੀਤ ਕੌਰ ਗਰੇਵਾਲ, ਨਛੱਤਰ ਕੌਰ ਬਾਸੀ, ਜਗਜੋਤ ਕੌਰ ਢੇਸੀ, ਭਜਨ ਕੌਰ ਢੇਸੀ ਦੇ ਯਤਨਾਂ ਸਦਕਾ "ਮਾਵਾਂ ਅਤੇ ਧੀਆਂ ਦਾ ਮੇਲਾ" ਕਰਵਾਇਆ ਗਿਆ।

ਇਹ ਪ੍ਰੋਗਰਾਮ ਰੋਟਰੀ ਪਾਰਕ ਕਰਮਨ ਦੀਆਂ ਖੁੱਲ੍ਹੀਆਂ ਗਰਾਉਡਾ ਵਿੱਚ ਦਰੱਖਤਾਂ ਦੀ ਛਾਵੇ ਸ਼ੁਰੂ ਹੋਇਆ ਅਤੇ ਹਨੇਰਾ ਹੋਣ ਤੇ ਲਾਈਟਾ ਦੀ ਰੋਸ਼ਨੀ ਵਿੱਚ ਲੰਮਾ ਸਮਾਂ ਚੱਲਿਆ। ਇਸ ਵਿੱਚ ਇਲਾਕੇ ਭਰ ਤੋਂ ਮਾਵਾਂ, ਧੀਆਂ ਅਤੇ ਭੈਣਾਂ ਨੇ ਰਲ ਲਾਈਵ ਬੋਲੀਆਂ ਪਾਉਦੇ ਹੋਏ ਰਿਵਾਇਤੀ ਢੰਗ ਨਾਲ ਖੁਸ਼ੀਆਂ ਮਨਾਈਆਂ ਗਈਆਂ। ਇਸ ਦੇ ਨਾਲ-ਨਾਲ ਐਨ. ਡੀ. ਬੁਦਰਜ਼ ਵੱਲੋਂ ਡੀ. ਜੇ. ਦੀਆਂ ਸੇਵਾਵਾਂ ਵੀ ਦਿੱਤੀਆਂ ਗਈਆਂ। ਇਸ ਪ੍ਰੋਗਰਾਮ ਦਾ ਮਹੌਲ ਵੀ ਜਿੱਥੇ ਮਾਵਾਂ-ਧੀਆਂ ਦੇ ਵਿਰਾਸਤੀ ਰੰਗਾਂ ਦੀ ਯਾਦ ਦਿਵਾਉਂਦਾ ਸੀ ਉਥੇ ਤੀਆਂ ਵਾਂਗ ਪੈ ਰਹੇ ਵੱਖ-ਵੱਖ ਗਰੁੱਪਾਂ ਵਿੱਚ ਗਿੱਧੇ ਨੇ ਵੀ ਖੂਬ ਰੌਣਕਾਂ ਲਾਈਆਂ ਹੋਈਆਂ ਸਨ। ਇਸ ਪਰਿਵਾਰਿਕ ਪ੍ਰੋਗਰਾਮ ਦੌਰਾਨ ਖਾਣਿਆਂ ਦੇ ਸਟਾਲਾਂ ਤੋਂ ਇਲਾਵਾ ਗਹਿਣੇ ਅਤੇ ਕੱਪੜਿਆਂ ਦੇ ਸਟਾਲ ਵੀ ਹਾਜ਼ਰ ਔਰਤਾਂ ਲਈ ਖਿੱਚ ਦਾ ਕੇਂਦਰ ਰਹੇ। ਇਸ ਮੇਲੇ ਦੌਰਾਨ ਵੱਖ-ਵੱਖ ਅਮਰੀਕੀ ਰਾਜਨੀਤਿਕ ਪਾਰਟੀਆਂ ਦੇ ਆਗੂ ਵੀ ਸ਼ਾਮਲ ਹੋਏ ਅਤੇ ਅੱਗੇ ਤੋਂ ਇਸੇ ਤਰ੍ਹਾਂ ਸਮਰਥਨ ਦੇਣ ਦੀ ਵਚਨਬੱਧਤਾ ਪ੍ਰਗਟਾਈ। ਕਰਮਨ ਸ਼ਹਿਰ ਦੀ ਅਮੈਰੀਕਨ ਮੂਲ ਦੀ ਮੇਅਰ ਮਰੀਆ ਪੈਚੀਕੋ ਨੇ ਮੇਲੇ ਵਿੱਚ ਸ਼ਾਮਲ ਹੋ ਕੇ ਜਿੱਥੇ ਵਿਚਾਰਾਂ ਦੀ ਸਾਂਝ ਪਾਈ, ਉੱਥੇ ਔਰਤਾਂ ਨਾਲ ਰਲ ਕੇ ਸਾਰੇ ਪ੍ਰੋਗਰਾਮ ਦੌਰਾਨ ਨੱਚਦੀ ਨਜ਼ਰ ਆਈ। ਕਰਮਨ ਸ਼ਹਿਰ ਦੀ ਪੁਲਿਸ ਵੱਲੋਂ ਨੁਮਾਇੰਦਗੀ ਕਰਦੇ ਹੋਏ ਅਫਸਰ ਬੀਬੀ ਟੈਰੀ ਕੱਬਉਜ ਅਤੇ ਹੋਰ ਵੀ ਅਮੈਰੀਕਨ ਮੂਲ ਦੀਆਂ ਔਰਤਾਂ ਅਤੇ ਬੱਚੀਆਂ ਨੇ ਪੰਜਾਬੀਆਂ ਨਾਲ ਰਲ ਕੇ ਖੂਬ ਅਨੰਦ ਮਾਣਿਆ। ਬੇਸ਼ੱਕ ਕਰਮਨ ਸ਼ਹਿਰ ਤੀਆਂ ਨੂੰ ਸਮਰਪਿਤ ਪਹਿਲਾ ਪ੍ਰੋਗਰਾਮ ਸੀ, ਪਰ ਇਸ ਮਾਵਾਂ ਅਤੇ ਧੀਆਂ ਦੇ ਮੇਲੇ ਨੂੰ ਸਫਲ ਬਣਾਉਣ ਵਿੱਚ ਇਲਾਕੇ ਭਰ ਦੀਆਂ ਔਰਤਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ। ਇਸ ਸਮੇਂ ਹਾਜ਼ਰੀਨ ਲਈ ਬਹੁਤ ਸਾਰੇ ਰੈਫਲ ਡਰਾਅ ਵੀ ਕੱਢੇ ਗਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਸੇਵਾ ਗੁਰਮੋਹਨ ਉੱਭੀ ਅਤੇ ਕਿਰਨਜੋਤ ਢੇਸੀ ਨੇ ਬਾਖ਼ੂਬੀ ਨਿਭਾਈ। ਸਾਰੇ ਪ੍ਰੋਗਰਾਮ ਦੇ ਪ੍ਰਬੰਧਾ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ "ਅਮੈਰੀਕਨ ਪੰਜਾਬੀ ਸਿੱਖ ਕਮਿਊਨਿਟੀ" ਕਰਮਨ ਦੇ ਮੈਂਬਰਾਂ ਨੇ ਰਲ ਕੇ ਪ੍ਰਬੰਧ ਕੀਤੇ ਹੋਏ ਸਨ। ਅੰਤ ਭਾਰੀ ਇਕੱਠ ਵਿੱਚ ਰੌਣਕਾਂ ਲਾਉਂਦਾ ਇਹ ਮਾਵਾਂ ਅਤੇ ਧੀਆਂ ਦਾ ਪਲੇਠਾ ਮੇਲਾ ਅਗਲੇ ਸਾਲ ਇਸੇ ਤਰ੍ਹਾਂ ਮਿਲਣ ਦੇ ਵਾਅਦੇ ਨਾਲ ਯਾਦਗਾਰੀ ਹੋ ਨਿਬੜਿਆ।



# ਅਮਰੀਕਾ 'ਚ ਜਾ ਕੇ ਨੌਕਰੀ ਕਰਨ ਦਾ ਸੁਪਨਾ ਦੇਖਣ ਵਾਲਿਆਂ ਲਈ ਬੁਰੀ ਖ਼ਬਰ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿੱਚ ਨੌਕਰੀ ਕਰਨ ਦਾ ਸੁਪਨਾ ਦੇਖ ਰਹੇ ਵਿਦੇਸ਼ੀ ਨੌਜਵਾਨਾਂ, ਖਾਸ ਕਰਕੇ ਭਾਰਤੀਆਂ ਲਈ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਐਚ-1ਬੀ ਵੀਜ਼ਾ ਨੂੰ ਲੈ ਕੇ ਨਵੀਂ ਫੀਸ ਲਗਾਉਣ ਦਾ ਪ੍ਰਸਤਾਵ ਰੱਖਿਆ ਗਿਆ ਹੈ। ਇਸ ਤਹਿਤ ਹਰ ਸਾਲ ਨਿਰਧਾਰਤ ਸੀਮਾ ਦੇ ਅੰਦਰ ਆਉਣ ਵਾਲੇ ਐਚ-1ਬੀ ਵੀਜ਼ਾ ਅਰਜ਼ੀਆਂ 'ਤੇ 1,03,265 ਅਮਰੀਕੀ ਡਾਲਰ, ਯਾਨੀ ਕਰੀਬ 99 ਲੱਖ ਰੁਪਏ ਦੀ ਵਾਧੂ ਫੀਸ ਲਗਾਈ ਜਾ ਸਕਦੀ ਹੈ। ਇਸ ਵਿੱਚ ਅਮਰੀਕੀ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਜਾਂ ਇਸ ਤੋਂ ਉੱਚੀ ਡਿਗਰੀ ਹਾਸਲ ਕਰਨ ਵਾਲਿਆਂ ਲਈ ਰਾਖਵੇਂ 20 ਹਜ਼ਾਰ ਵਾਧੂ ਐਚ-1ਬੀ ਵੀਜ਼ੇ ਵੀ ਸ਼ਾਮਲ ਹੋਣਗੇ। ਅਮਰੀਕਾ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਨੇ ਸੋਮਵਾਰ ਨੂੰ ਇਸ ਸਬੰਧੀ ਪ੍ਰਸਤਾਵ ਜਾਰੀ ਕੀਤਾ ਹੈ। ਇਸ ਨੂੰ ਅਮਰੀਕੀ ਸਰਕਾਰ ਦੀ ਅਧਿਕਾਰਤ ਵੈੱਬਸਾਈਟ ਫੈਡਰਲ ਰਜਿਸਟਰ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਪ੍ਰਸਤਾਵ ਦੀ ਸਭ ਤੋਂ ਅਹਿਮ ਗੱਲ ਇਹ ਹੈ ਕਿ 1,03,265 ਡਾਲਰ ਦੀ ਨਵੀਂ ਫੀਸ ਮੌਜੂਦਾ ਐਚ-1ਬੀ ਅਰਜ਼ੀ ਫੀਸ ਤੋਂ ਵੱਖਰੀ ਹੋਵੇਗੀ। ਯਾਨੀ ਬਿਨੈਕਾਰ ਜਾਂ ਸਪਾਂਸਰ ਕੰਪਨੀ ਨੂੰ ਪਹਿਲਾਂ ਲਾਗੂ ਫੀਸਾਂ ਤੋਂ ਇਲਾਵਾ ਇਹ ਵਾਧੂ ਰਕਮ ਵੀ ਅਦਾ ਕਰਨੀ ਪੈ ਸਕਦੀ ਹੈ। ਹਾਲਾਂਕਿ ਇਹ ਪ੍ਰਸਤਾਵ ਉਨ੍ਹਾਂ ਐਚ-1ਬੀ ਅਰਜ਼ੀਆਂ 'ਤੇ ਲਾਗੂ ਹੋਵੇਗਾ ਜੋ ਹਰ ਸਾਲ ਨਿਰਧਾਰਤ ਵੀਜ਼ਾ ਸੀਮਾ ਦੇ ਅੰਦਰ ਆਉਂਦੀਆਂ ਹਨ। ਸਾਲਾਨਾ ਸੀਮਾ ਤੋਂ ਬਾਹਰ ਰੱਖੀਆਂ ਗਈਆਂ ਕੁਝ ਸ਼੍ਰੇਣੀਆਂ ਦੀਆਂ ਐਚ-1ਬੀ ਅਰਜ਼ੀਆਂ 'ਤੇ ਇਹ ਨਵੀਂ ਫੀਸ ਲਾਗੂ ਨਹੀਂ ਹੋਵੇਗੀ। ਹੁਣ ਡੀਐਚਐਸ ਵੱਲੋਂ ਮੁੜ 1,03,265 ਡਾਲਰ ਦੀ ਫੀਸ ਦਾ ਪ੍ਰਸਤਾਵ ਸਾਹਮਣੇ ਆਉਣ ਨਾਲ ਇਸ ਮੁੱਦੇ ਨੇ ਦੁਬਾਰਾ ਤੂਲ ਫੜ ਲਿਆ ਹੈ। ਐਚ-1ਬੀ ਅਮਰੀਕਾ ਦਾ ਇੱਕ ਵਰਕ ਵੀਜ਼ਾ ਹੈ, ਜਿਸ ਰਾਹੀਂ ਅਮਰੀਕੀ ਕੰਪਨੀਆਂ ਵਿਸ਼ੇਸ਼ ਹੁਨਰ ਅਤੇ ਯੋਗਤਾ ਰੱਖਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਨੌਕਰੀ ਲਈ ਅਮਰੀਕਾ ਬੁਲਾ ਸਕਦੀਆਂ ਹਨ। ਇਹ ਵੀਜ਼ਾ ਆਮ ਤੌਰ 'ਤੇ ਆਈਟੀ, ਇੰਜੀਨੀਅਰਿੰਗ, ਮੈਡੀਕਲ, ਰਿਸਰਚ, ਫਾਇਨੈਂਸ ਅਤੇ ਹੋਰ ਪੇਸ਼ੇਵਰ ਖੇਤਰਾਂ ਵਿੱਚ ਕੰਮ ਕਰਨ ਵਾਲੇ ਵਿਦੇਸ਼ੀ ਕਰਮਚਾਰੀਆਂ ਲਈ ਵਰਤਿਆ ਜਾਂਦਾ ਹੈ।




# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੁਪਰੀਮ ਕੋਰਟ ਤੋਂ ਵੱਡੀ ਰਾਹਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਟਰੰਪ ਨੂੰ ਅਮਰੀਕਾ ਵਿੱਚ ਡਾਕ ਵੋਟਿੰਗ ਨਾਲ ਸਬੰਧਤ ਇੱਕ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਟਰੰਪ ਦੇ ਡਾਕ ਵੋਟਿੰਗ 'ਤੇ ਪਾਬੰਦੀ ਲਗਾਉਣ ਵਾਲੇ ਕਾਰਜਕਾਰੀ ਆਦੇਸ਼ ਨੂੰ ਜਾਰੀ ਰੱਖਣ ਦਾ ਰਸਤਾ ਸਾਫ਼ ਕਰ ਦਿੱਤਾ ਹੈ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਆਉਣ ਵਾਲੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਇਸਨੂੰ ਲਾਗੂ ਕਰ ਸਕੇਗਾ ਕਿ ਨਹੀਂ। ਇਸ ਫੈਸਲੇ ਨੂੰ ਲੈ ਕੇ ਅੱਗੇ ਵੀ ਕਾਨੂੰਨੀ ਚੁਣੌਤੀਆਂ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਨਵੀਆਂ ਅਦਾਲਤੀ ਪਟੀਸ਼ਨਾਂ ਟਰੰਪ ਪ੍ਰਸ਼ਾਸਨ ਦੀ ਯੋਜਨਾ ਨੂੰ ਹੋਰ ਹੌਲੀ ਕਰ ਸਕਦੀਆਂ ਹਨ। ਅਮਰੀਕੀ ਡਾਕ ਸੇਵਾ ਨੇ ਪਿਛਲੇ ਹਫ਼ਤੇ ਆਦੇਸ਼ ਨੂੰ ਲਾਗੂ ਕਰਨ ਦੀਆਂ ਆਪਣੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ।

ਦੱਸਣਯੋਗ ਹੈ ਕਿ ਸੁਪਰੀਮ ਕੋਰਟ ਪਹਿਲਾਂ ਵੀ ਡਾਕ ਰਾਹੀਂ ਪਾਈਆਂ ਜਾਣ ਵਾਲੀਆਂ ਵੋਟਾਂ ਦੇ ਮਾਮਲੇ 'ਚ ਟਰੰਪ ਸਮਰਥਕ ਦਲੀਲਾਂ ਦੇ ਉਲਟ ਫੈਸਲਾ ਸੁਣਾ ਚੁੱਕੀ ਹੈ। ਜੂਨ ਵਿੱਚ ਅਦਾਲਤ ਨੇ ਕਿਹਾ ਸੀ ਕਿ ਸੂਬੇ ਚੋਣ ਵਾਲੇ ਦਿਨ ਤੋਂ ਬਾਅਦ ਪਹੁੰਚਣ ਵਾਲੇ ਡਾਕ ਮਤਪੱਤਰਾਂ ਦੀ ਗਿਣਤੀ ਕਰ ਸਕਦੇ ਹਨ, ਜੇਕਰ ਉਹ ਨਿਰਧਾਰਤ ਕਾਨੂੰਨੀ ਸ਼ਰਤਾਂ ਅਧੀਨ ਹੋਣ। ਟਰੰਪ ਪਹਿਲਾਂ ਵੀ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਡੈਮੋਕ੍ਰੇਟਿਕ ਉਮੀਦਵਾਰ ਜੋ ਬਾਈਡੇਨ ਹੱਥੋਂ ਹੋਈ ਆਪਣੀ ਹਾਰ ਲਈ ਡਾਕ ਰਾਹੀਂ ਵੋਟਿੰਗ ਨੂੰ ਜ਼ਿੰਮੇਵਾਰ ਠਹਿਰਾਉਂਦੇ ਰਹੇ ਹਨ। ਹਾਲਾਂਕਿ, ਇਸ ਦਾਅਵੇ ਦੇ ਸਮਰਥਨ ਵਿੱਚ ਕੋਈ ਭਰੋਸੇਯੋਗ ਸਬੂਤ ਸਾਹਮਣੇ ਨਹੀਂ ਆਇਆ ਹੈ।




## ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ

# 8ਵਾਂ ਸਾਲਾਨਾ 'ਰਾਗ ਕੀਰਤਨ ਦਰਬਾਰ'

### ਦਾ ਵਿਸ਼ਾਲ ਅਤੇ ਰੂਹਾਨੀ ਸਮਾਗਮ ਕਰਵਾਇਆ ਜਾ ਰਿਹਾ ਹੈ।

## ਆਓ, ਇਸ ਸਮਾਗਮ ਵਿਚ ਗੁਰਬਾਣੀ ਨੂੰ

### ਉਸੇ ਰੂਹਾਨੀ ਅੰਦਾਜ਼ ਵਿੱਚ ਸੁਣੀਏ ਅਤੇ ਗਾਈਏ, ਜਿਸ ਤਰ੍ਹਾਂ ਇਹ ਗਾਈ ਅਤੇ ਸੁਣੀ ਜਾਣੀ ਚਾਹੀਦੀ ਹੈ।

**11 ਤੋਂ 13 ਸਤੰਬਰ 2026, ਸ਼ੁੱਕਰਵਾਰ ਤੋਂ ਐਤਵਾਰ ਤੱਕ ਆਯੋਜਿਤ ਕੀਤਾ ਜਾਵੇਗਾ।**

### ਇਸ ਸਮਾਗਮ ਵਿੱਚ



ਭਾਈ ਨਿਰਮਲ ਸਿੰਘ ਨਾਗਪੁਰੀ | ਡਾ. ਮਨਪ੍ਰੀਤ ਸਿੰਘ | ਡਾ. ਗੁਰਨਾਮ ਸਿੰਘ | ਭਾਈ ਕਰਨਜੀਤ ਸਿੰਘ ਸ਼ਾਂਤ | ਬੀਬੀ ਸੋਨੀ ਕੌਰ | ਬੀਬੀ ਸਿਮਰਤ ਕੌਰ | ਭਾਈ ਗੁਰਪ੍ਰੀਤ ਸਿੰਘ | ਭਾਈ ਸਿਮਰਨਜੀਤ ਸਿੰਘ ਖਾਲਸਾ | ਪ੍ਰੋ. ਦਲਬੀਰ ਸਿੰਘ ਤੇ ਵਿਦਿਆਰਥੀ

ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

**ਸਮੂਹ ਸੰਗਤਾਂ ਨੂੰ ਇਸ ਪਵਿੱਤਰ ਅਤੇ ਰਸਭਿੰਨੇ ਕੀਰਤਨ ਦਰਬਾਰ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ।**

ਗੁਰਦਵਾਰਾ ਸਾਹਿਬ ਦਾ ਪਤਾ :
3636 Gurdwara Avenue
San Jose, Cailforina

ਵਧੇਰੇ ਜਾਣਕਾਰੀ ਲਈ ਤੁਸੀਂ ਸੰਪਰਕ ਕਰ ਸਕਦੇ ਹੋ
(408) 274-9373


I PW
INTERNATIONAL ASSOCIATION of PUNJABI WOMEN
28th Annual
One n One Only
Yuba City
Since 1999
JASMEEN AKHTAR
LIVE PERFORMANCE
LIVE IN YUBA CITY
6th SEPT 2026
11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
JOT RANJIT KAUR (SINGER & HOST)
PARM TAKHAR (HOST)
$10 MANDATORY RAFFLE
ENTRY TICKET AT THE GATE
FROM 10:00AM TO 3:00PM
$20 ENTRY TICKET 3:00PM TO 5:30PM
GATES CLOSE AT 5:30PM.
FOR PARTICIPATION, BOOTH BOOKINGS
N SPONSORSHIP, PLEASE CONTACT
CALL : (530) 845-4800
KEERAT TAKHAR
HARNOOR KAUR
PINNU BRAR
DR. LOVELEEN SAMRA
BAL K SINDAL
NAVI GILL
HARDEEP HUNDAL
MANINDER MAAN
SHIVPREET BIHALA
HARDEEP BINNING
SUKHY JHUTTY
JASWANT DHILLON
SUKHNANDAN K LALLY
SITAL GURAYA
MANDEEP KAUR
MADHUPREET KAUR
UMBER MAAN

MANN
Real Estate Services
Buying Or Selling Real Estate?
Let Us Help!
www.mannres.com

# ਟੈਨੇਸੀ 'ਚ ਇੱਕ ਗੁਜਰਾਤੀ ਸਟੋਰ ਮਾਲਕ ਦਾ ਲੁੱਟ ਤੋ ਬਾਅਦ ਗੋਲੀਆਂ ਮਾਰ ਕੇ ਕਤਲ

ਟੈਨੇਸੀ
ਸਾਂਝੀ ਸੋਚ ਬਿਊਰੋ

ਅਮਰੀਕਾ ਦੇ ਟੈਨੇਸੀ ਰਾਜ ਵਿਚ ਇੱਕ ਹੈਰਾਨ ਕਰਨ ਵਾਲੀ ਘਟਨਾ ਵਾਪਰੀ ਹੈ। ਜੈਕਸਨ ਸ਼ਹਿਰ ਵਿਚ ਇੱਕ ਹਥਿਆਰਬੰਦ ਲੁਟੇਰੇ ਨੇ 62 ਸਾਲਾ ਭਾਰਤੀ-ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਗੁਜਰਾਤ ਦੇ ਮੇਹਸਾਣਾ ਦੇ ਰਹਿਣ ਵਾਲੇ ਸੁਰੇਸ਼ ਪਟੇਲ ਨੇ 7 ਦਿਨ ਪਹਿਲਾਂ ਹੀ ਇਹ ਸਟੋਰ ਖਰੀਦਿਆ ਸੀ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਵਿਆਪਕ ਜਾਂਚ ਸ਼ੁਰੂ ਕਰ ਦਿੱਤੀ ਹੈ। ਟੈਨੇਸੀ ਦੇ ਜੈਕਸਨ ਵਿਚ ਸਥਿਤ ਪਟੇਲ ਵਾਈਨ ਅਤੇ ਸਪਿਰਿਟ ਨਾਂ ਦਾ ਸਟੋਰ ਚਲਾਉਂਦਾ ਸੀ। ਹਥਿਆਰਬੰਦ ਲੁਟੇਰੇ ਨੇ ਪੈਸੇ ਲੁੱਟ ਕੇ 62 ਸਾਲਾ ਭਾਰਤੀ-ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਦੁਖਦਾਈ ਘਟਨਾ ਵੀਰਵਾਰ ਰਾਤ ਨੂੰ ਵਾਪਰੀ, ਜਦੋਂ ਉਸ ਦੀ 19 ਸਾਲਾ ਧੀ ਵੀ ਉਸ ਦੇ ਨਾਲ ਸਟੋਰ ਵਿਚ ਮੌਜੂਦ ਸੀ, ਜੋ ਜਾਨੋਂ ਬੱਚ ਗਈ ਅਤੇ ਲੁਟੇਰੇ ਨੇ ਉਸਦੀ ਧੀ ਦੇ ਸਾਹਮਣੇ ਹੀ ਉਸਦੇ ਪਿਤਾ 'ਤੇ ਗੋਲੀਬਾਰੀ ਕੀਤੀ। ਸੁਰੇਸ਼ ਪਟੇਲ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੀ.ਸੀ.ਟੀ.ਵੀ. ਫੁਟੇਜ ਵਿਚ ਕੈਦ ਹੋਏ ਸ਼ੱਕੀ ਲੁਟੇਰੇ ਦੀ ਪਛਾਣ ਇੱਕ ਕਾਲੇ ਆਦਮੀ ਵਜੋਂ ਹੋਈ ਹੈ, ਜਿਸਨੇ ਸਲੇਟੀ ਰੰਗ ਦੀ ਹੂਡੀ, ਜੀਨਸ ਅਤੇ ਕਾਲੇ ਬੂਟ ਪਾਏ ਹੋਏ ਹਨ। ਉਸਨੇ ਆਪਣੇ ਚਿਹਰੇ 'ਤੇ ਪੇਂਟਬਾਲ ਮਾਸਕ ਪਾਇਆ ਹੋਇਆ ਸੀ। ਡਕੈਤੀ ਅਤੇ ਗੋਲੀਬਾਰੀ ਤੋਂ ਬਾਅਦ, ਸ਼ੱਕੀ ਇੱਕ ਚਿੱਟੇ ਰੰਗ ਦੀ ਸੇਡਾਨ ਵਿਚ ਭੱਜ ਗਿਆ।



# ਨਿਤਿਨ ਗਡਕਰੀ ਦੇ 'ਨਵੀਂ ਪੀੜ੍ਹੀ' ਵਾਲੇ ਬਿਆਨ 'ਤੇ ਵਧੀ ਹਲਚਲ ਕੀ ਰਾਜਨੀਤੀ ਨੂੰ ਅਲਵਿਦਾ ਕਹਿ ਰਹੇ ਹਨ ਗਡਕਰੀ?

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ 'ਜ਼ਿੰਮੇਵਾਰੀ ਨਵੀਂ ਪੀੜ੍ਹੀ ਦੇ ਹੱਥਾਂ ਵਿੱਚ ਸੌਂਪਣ' ਵਾਲੇ ਬਿਆਨ ਤੋਂ ਬਾਅਦ ਉਨ੍ਹਾਂ ਦੇ ਸੇਵਾਮੁਕਤੀ ਦੀਆਂ ਅਟਕਲਾਂ ਸ਼ੁਰੂ ਹੋ ਗਈਆਂ। ਹੁਣ ਇਸ ਬਿਆਨ 'ਤੇ ਸਪੱਸ਼ਟੀਕਰਨ ਆਇਆ ਹੈ। ਗਡਕਰੀ ਦੇ ਦਫ਼ਤਰ ਨੇ ਕਿਹਾ, 'ਉਨ੍ਹਾਂ ਨੇ ਆਪਣੇ ਟਰੱਸਟ ਨਾਲ ਜੁੜੇ ਸਮਾਜਿਕ ਕਾਰਜਾਂ ਦੀ ਜ਼ਿੰਮੇਵਾਰੀ ਨਵੀਂ ਪੀੜ੍ਹੀ ਨੂੰ ਸੌਂਪਣ ਦੀ ਗੱਲ ਕਹੀ ਸੀ। ਦਫ਼ਤਰ ਨੇ ਕਿਹਾ ਕਿ ਉਨ੍ਹਾਂ ਦੇ ਬਿਆਨ ਦਾ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਦਰਅਸਲ, ਨਿਤਿਨ ਗਡਕਰੀ ਦਾ ਇਹ ਬਿਆਨ 23 ਅਗਸਤ ਦਾ ਹੈ। ਪੁਣੇ ਵਿਚ ਇੱਕ ਪ੍ਰੋਗਰਾਮ ਦੌਰਾਨ ਉਨ੍ਹਾਂ ਕਿਹਾ ਸੀ, "ਮੈਂ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਕੰਮ ਕਰ ਰਿਹਾ ਹਾਂ। ਮੈਂ ਕਈ ਉਤਾਰ-ਚੜ੍ਹਾਅ ਦੇਖੇ ਹਨ ਅਤੇ ਕਈ ਪੁਰਸਕਾਰ ਵੀ ਹਾਸਲ ਕੀਤੇ ਹਨ। ਪਰ ਹੁਣ ਮੈਂ ਜ਼ਿਆਦਾ ਕੰਮ ਨਹੀਂ ਕਰ ਸਕਦਾ, ਜਦੋਂ ਕਰ ਸਕਦਾ ਸੀ, ਉਦੋਂ ਕੀਤਾ। ਹੁਣ ਨਵੀਂ ਪੀੜ੍ਹੀ ਨੂੰ ਜ਼ਿੰਮੇਵਾਰੀ ਸੌਂਪਣੀ ਚਾਹੀਦੀ ਹੈ।' ਕੇਂਦਰੀ ਕੈਬਨਿਟ ਵਿੱਚ ਫੇਰਬਦਲ ਦੀਆਂ ਚਰਚਾਵਾਂ ਵਿਚਾਲੇ ਨਿਤਿਨ ਗਡਕਰੀ ਦੇ ਹਾਲੀਆ ਬਿਆਨਾਂ ਨੇ ਉਨ੍ਹਾਂ ਦੇ ਰਾਜਨੀਤੀ ਤੋਂ ਰੀਟਾਇਰ ਹੋਣ ਦੀ ਨਵੀਂ ਬਹਿਸ ਛੇੜ ਦਿੱਤੀ ਸੀ। ਗਡਕਰੀ ਦੇ ਦਫ਼ਤਰ ਨੇ ਦੱਸਿਆ ਕਿ ਉਨ੍ਹਾਂ ਦੀਆਂ ਟਿੱਪਣੀਆਂ ਟਰੱਸਟ ਦੇ ਸੰਦਰਭ ਵਿੱਚ ਸਨ। ਇਹ ਸੰਸਥਾ ਕਬਾਇਲੀ ਇਲਾਕਿਆਂ ਵਿੱਚ ਕੰਮ ਕਰਦੀ ਹੈ ਅਤੇ ਉੱਥੇ 'ਏਕਲਵਯ ਏਕਲ ਵਿਦਿਆਲਿਆ' ਚਲਾਉਂਦੀ ਹੈ। ਗਡਕਰੀ ਲੰਬੇ ਸਮੇਂ ਤੋਂ ਇਸ ਟਰੱਸਟ ਦੇ ਕੰਮਕਾਜ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਦਫ਼ਤਰ ਅਨੁਸਾਰ, ਉਹ ਟਰੱਸਟ ਦੇ ਭਵਿੱਖ ਅਤੇ ਕੰਮਕਾਜ ਬਾਰੇ ਚਰਚਾ ਕਰ ਰਹੇ ਸਨ ਅਤੇ ਇਸੇ ਸੰਦਰਭ ਵਿੱਚ ਉਨ੍ਹਾਂ ਨੇ ਨਵੀਂ ਪੀੜ੍ਹੀ ਨੂੰ ਵਧੇਰੇ ਜ਼ਿੰਮੇਵਾਰੀ ਸੌਂਪਣ ਬਾਰੇ ਗੱਲ ਕੀਤੀ ਸੀ।

# ਨਗਰ ਨਿਗਮ ਦੀ ਮੀਟਿੰਗ ਵਿੱਚ 'ਆਪ' ਅਤੇ ਭਾਜਪਾ ਕੌਂਸਲਰਾਂ ਵਿਚਕਾਰ ਹੱਥੋਪਾਈ

ਲੁਧਿਆਣਾ
ਸਾਂਝੀ ਸੋਚ ਬਿਊਰੋ

ਲੁਧਿਆਣਾ ਨਗਰ ਨਿਗਮ ਹਾਊਸ ਵਿੱਚ ਅੱਜ ਵਿੱਤ ਅਤੇ ਠੇਕਾ ਕਮੇਟੀ ਦੇ 2 ਮੈਂਬਰਾਂ ਦੀ ਚੋਣ ਲਈ ਰੱਖੀ ਮੀਟਿੰਗ ਵਿੱਚ ਹੰਗਾਮਾ ਹੋ ਗਿਆ। ਮੇਅਰ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਇਹ ਮੀਟਿੰਗ ਗੁਰੂ ਨਾਨਕ ਦੇਵ ਭਵਨ ਵਿੱਚ ਰੱਖੀ ਗਈ ਹੈ।

ਇਸ ਦੌਰਾਨ ਆਮ ਆਦਮੀ ਪਾਰਟੀ ਦੇ ਕੌਂਸਲਰ ਅਸ਼ਵਨੀ ਸ਼ਰਮਾ ਅਤੇ ਭਾਜਪਾ ਕੌਂਸਲਰ ਗੌਰਵਜੀਤ ਗੋਰਾ ਵਿੱਚ ਹੱਥੋਪਾਈ ਹੋ ਗਈ। ਬਾਕੀ ਮੈਂਬਰਾਂ ਅਤੇ ਪੁਲਿਸ ਨੇ ਵਿਚ ਬਚਾਅ ਕਰਕੇ ਦੋਵਾਂ ਨੂੰ ਛੁਡਾਇਆ। ਮੈਂਬਰਾਂ ਦੀ ਚੋਣ ਨੂੰ ਲੈ ਕੇ ਭਾਜਪਾ ਕੌਂਸਲਰਾਂ ਦੀ ਵਿਧਾਇਕ ਦਲਜੀਤ ਭੋਲਾ ਨਾਲ ਬਹਿਸ ਹੋ ਰਹੀ ਸੀ। ਇਸ ਤੋਂ ਗੁੱਸੇ ਵਿੱਚ ਆ ਕੇ ਵਿਧਾਇਕ ਭੋਲਾ ਦੇ ਪੀਏ ਰਹੇ ਕੌਂਸਲਰ ਅਸ਼ਵਨੀ ਸ਼ਰਮਾ ਲੜਨ ਲਈ ਪਹੁੰਚ ਗਏ।

ਇੱਥੇ ਵਿਰੋਧੀ ਕੌਂਸਲਰ ਅੱਜ ਹੀ ਵੋਟਿੰਗ ਕਰਾਉਣ 'ਤੇ ਅੜੇ ਹਨ ਪਰ ਮੇਅਰ ਦਾ ਕਹਿਣਾ ਹੈ ਕਿ 29 ਅਗਸਤ ਨੂੰ ਵੋਟਿੰਗ ਹੋਵੇਗੀ। ਵਿਰੋਧੀ ਧਿਰ ਦਾ ਦੋਸ਼ ਹੈ ਕਿ 'ਆਪ' ਦੇ ਉਮੀਦਵਾਰ ਅੱਜ ਇੱਥੇ ਮੌਜੂਦ ਨਹੀਂ, ਇਸੇ ਕਾਰਨ ਚੋਣ ਵਿੱਚ ਦੇਰੀ ਕੀਤੀ ਜਾ ਰਹੀ ਹੈ। ਇਸ ਦੇ ਜਵਾਬ ਵਿੱਚ ਨਿਗਮ ਦੇ ਸਕੱਤਰ ਵਿਵੇਕ ਵਰਮਾ ਨੇ ਕਿਹਾ ਕਿ 5 ਵਜੇ ਤੱਕ ਫਾਰਮ ਲੈ ਸਕਦੇ ਹਨ। ਨਿਯਮ ਅਨੁਸਾਰ ਤਿੰਨ ਦਿਨ ਬਾਅਦ ਵੋਟਿੰਗ ਹੋਵੇਗੀ। ਇਸ ਤੋਂ ਬਾਅਦ ਮੇਅਰ ਇੰਦਰਜੀਤ ਕੌਰ ਨੇ ਕਿਹਾ ਕਿ ਇਹ ਚੋਣ ਬੈਲਟ ਪੇਪਰ ਨਾਲ ਹੋਵੇਗੀ। ਉੱਥੇ ਹੀ ਭਾਜਪਾ ਕੌਂਸਲਰਾਂ ਨੇ ਕਿਹਾ ਕਿ ਅਸੀਂ ਹੱਥ ਖੜ੍ਹੇ ਕਰਕੇ ਵੋਟ ਕਰਾਂਗੇ। ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਵਾਲੇ ਕਾਂਗਰਸੀ ਕੌਂਸਲਰ ਗੌਰਵ ਭੱਟੀ ਨੇ ਕਿਹਾ ਕਿ ਹਾਈਕੋਰਟ ਨੇ 25 ਅਗਸਤ ਯਾਨੀ ਅੱਜ ਐਫ ਐਨਡ ਸੀਸੀ ਦੇ ਨਵੇਂ ਮੈਂਬਰਾਂ ਦੀ ਚੋਣ ਲਈ ਕਿਹਾ ਹੈ ਨਾ ਕਿ ਪ੍ਰਕਿਰਿਆ ਸ਼ੁਰੂ ਕਰਨ ਲਈ, ਇਸ ਲਈ ਮੈਂਬਰਾਂ ਲਈ ਵੋਟਿੰਗ ਅੱਜ ਹੀ ਹੋਣੀ ਚਾਹੀਦੀ ਹੈ। ਇਸ ਦੌਰਾਨ ਨਿਗਮ ਕਮਿਸ਼ਨਰ ਉਜਸਵੀ ਅਲੰਕਾਰ ਨੇ ਕਿਹਾ ਹੈ ਕਿ ਮੇਅਰ ਇਸ ਚੋਣ ਲਈ ਚੋਣ ਅਧਿਕਾਰੀ ਹੋਣਗੇ। ਹੰਗਾਮੇ ਤੋਂ ਬਾਅਦ ਸਦਨ ਦੀ ਕਾਰਵਾਈ 15 ਮਿੰਟ ਲਈ ਮੁਲਤਵੀ ਕਰ ਦਿੱਤੀ ਗਈ।

# ਗੁਰਦੁਆਰਾ ਸੈਂਟਾ ਕਲਾਰਾ ਵਿਖੇ ਗੁਰੂ ਨਾਨਕ ਵਿਆਹ ਪੁਰਬ ਸਬੰਧੀ ਕਵੀ ਦਰਬਾਰ ਆਯੋਜਿਤ ਹੋਇਆ



ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਸੈਂਟਾ ਕਲਾਰਾ ਸਿਟੀ ਦੇ ਗੁਰਦੁਆਰਾ ਸਾਹਿਬ ਵਿਖੇ ਹਫਤਾਵਾਰੀ ਦੀਵਾਨ ਸਜਾਏ ਗਏ। ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਵਲੋਂ ਅਤੇ ਭਾਈ ਨਿਰਮਲ ਸਿੰਘ ਸੂਰਾ ਜੀ ਦੇ ਜਥੇ ਵਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਇਸ ਮੌਕੇ ਸਥਾਨਕ ਕਵੀਆਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਬੰਧੀ ਕਵੀ ਦਰਬਾਰ ਵੀ ਸਜਾਇਆ। ਮੰਚ ਸੰਚਾਲਨ ਕਰਦਿਆਂ ਤਰਲੋਚਨ ਸਿੰਘ ਦੁਪਾਲ ਪੁਰ ਨੇ ਸੰਕੋਚਵੇਂ ਪਰ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਬਟਾਲੇ ਵਿਖੇ ਹੋਏ ਵਿਆਹ ਸਬੰਧੀ ਇਤਿਹਾਸ ਸਰਵਣ ਕਰਾਇਆ ਕਿ ਕਿਵੇਂ ਉਸ ਮੌਕੇ ਗੁਰੂ ਸਾਹਿਬ ਨੂੰ ਕੱਚੀ ਕੰਧ ਦੇ ਲਾਗੇ ਬਿਠਾਇਆ ਗਿਆ ਸੀ। ਇਸ ਪ੍ਰਸੰਗ ਦੀ ਹੋਰ ਕਵੀਆਂ ਨੇ ਵੱਖ ਵੱਖ ਕਵਿਤਾਵਾਂ ਰਾਹੀਂ ਸੰਗਤ ਦੀ ਭਾਵਪੂਰਤ ਢੰਗ ਨਾਲ ਸਾਂਝ ਪੁਆਈ। ਕਵੀ ਤਰਸੇਮ ਸਿੰਘ 'ਸੁੰਮਨ' ਨੇ ਸਿੱਠਣੀਆਂ, ਬੀਬੀ ਬਲਵਿੰਦਰ ਕੌਰ ਹੰਸਰਾ ਨੇ ਕੱਚੀ ਕੰਧ ਨੂੰ ਗੁਰੂ ਸਾਹਿਬ ਵਲੋਂ ਯੁੱਗਾਂ ਯੁਗਾਂ ਤਕ ਪੱਕੀ ਰਹਿਣ ਦੇ ਵਰੁ ਅਤੇ ਭਾਈ ਅਮਰਜੀਤ ਸਿੰਘ ਇਬਰਾਹੀਮ ਪੁਰ ਨੇ ਵੀ ਬਟਾਲੇ ਵਿਖੇ ਮਨਾਏ ਜਾਂਦੇ ਵਿਆਹ ਪੁਰਬ ਮੌਕੇ ਮਨਾਏ ਜਾਂਦੇ ਜੋੜ ਮੇਲੇ ਦੀ ਉਪਮਾਂ ਬਿਆਨ ਕੀਤੀ। ਤਰਲੋਚਨ ਸਿੰਘ ਦੁਪਾਲ ਪੁਰੀ ਨੇ ਵੀ ਅਖੀਰ ਵਿੱਚ ਗੁਰੂ ਨਾਨਕ ਫਲਸਫੇ ਬਾਰੇ ਇਕ ਕਵਿਤਾ ਨਾਲ ਹਾਜ਼ਰੀ ਲਾਈ। ਸਮਾਪਤੀ ਮੌਕੇ ਇਸ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਨੇ ਗੁਰਦੁਆਰੇ ਦੀ ਬਣ ਰਹੀ ਨਵੀਂ ਇਮਾਰਤ ਦੀ ਸੇਵਾ ਵਿੱਚ ਹਿੱਸਾ ਪਾਉਣ ਦੀ ਅਪੀਲ ਕੀਤੀ ਅਤੇ ਭਾਈ ਬਲਕਾਰ ਸਿੰਘ ਨੇ ਕਵੀ ਜਨਾਂ ਅਤੇ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ!




SANJHA ਪੰਜਾਬ USA
SANJHA PUNJAB USA
PRESENTS
Sufi Sham
with
HANSRAJ HANS
LIVE IN USA
HANSRAJ HANS
USA TOUR
2026
SEPT 5TH, 2026 (SATURDAY) | AT 8:00 PM
The Space at Westburry
250 Post Ave, Westbury, NY 11590
BRING YOUR FAMILY & FRIENDS
DON'T MISS IT!
FOR MORE INFO:
S. Balwinder S. Bajwa | +1 (516) 852-2222


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

Gillson TRUCKING INC

# NOW HIRING
## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



**SKILLS**
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

**RESPONSIBILITIES**
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

**PAY**
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

**NEWER EQUIPMENT**

Freightliner and Volvo 2020 and present
Reset pay away from Terminals– Stockton,. CA and Dayton, Ohio

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

# ਬੈਰਨ ਟਰੰਪ ਨੂੰ ਨਿਸ਼ਾਨਾ ਬਣਾਉਣ ਦੀ ਕਥਿਤ ਧਮਕੀ 95 ਕਰੋੜ ਰੁਪਏ ਦੇ ਇਨਾਮ ਦਾ ਦਾਅਵਾ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਰਿਵਾਰ ਨੂੰ ਲੈ ਕੇ ਇੱਕ ਗੰਭੀਰ ਦਾਅਵਾ ਸਾਹਮਣੇ ਆਇਆ ਹੈ।

ਰਿਪੋਰਟਾਂ ਮੁਤਾਬਕ, ਈਰਾਨ ਦੇ ਸਰਕਾਰੀ ਟੈਲੀਵਿਜ਼ਨ ਨਾਲ ਜੁੜੇ ਇੱਕ ਵੀਡੀਓ ਵਿੱਚ ਟਰੰਪ ਦੇ ਪੁੱਤਰ ਬੈਰਨ ਟਰੰਪ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਅਤੇ ਉਸ ਬਾਰੇ ਜਾਣਕਾਰੀ ਦੇਣ ਲਈ ਕਰੀਬ 95 ਕਰੋੜ ਰੁਪਏ (ਕਰੀਬ 10 ਮਿਲੀਅਨ ਅਮਰੀਕੀ ਡਾਲਰ) ਦੇ ਇਨਾਮ ਦਾ ਦਾਅਵਾ ਕੀਤਾ ਗਿਆ ਹੈ। ਹਾਲਾਂਕਿ, ਇਨ੍ਹਾਂ ਦਾਅਵਿਆਂ ਦੀ ਸੁਤੰਤਰ ਤੌਰ ‘ਤੇ ਪੁਸ਼ਟੀ ਨਹੀਂ ਹੋ ਸਕੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਤੋਂ ਪਹਿਲਾਂ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰਨਾਲ ਜੁੜੇ ਇੱਕ ਕਥਿਤ ਵੀਡੀਓ ਵਿੱਚ ਮੇਲਾਨੀਆ ਟਰੰਪ ਦੀਆਂ ਗਤੀਵਿਧੀਆਂ ‘ਤੇ ਨਜ਼ਰ ਰੱਖਣ ਦਾ ਦਾਅਵਾ ਕੀਤਾ ਗਿਆ ਸੀ।



ਇਸ ਤੋਂ ਬਾਅਦ ਈਰਾਨੀ ਸਟੇਟ ਟੀਵੀ ਚੈਨਲ 3 ਸਮੇਤ ਕੁਝ ਸਰਕਾਰੀ ਮੀਡੀਆ ਨਾਲ ਸਬੰਧਤ ਪਲੇਟਫਾਰਮਾਂ ਨੇ ਬੈਰਨ ਟਰੰਪ ਦੀਆਂ ਗਤੀਵਿਧੀਆਂ ਅਤੇ ਟਿਕਾਣਿਆਂ ਨਾਲ ਸਬੰਧਤ ਕਥਿਤ ਗੁਪਤ ਜਾਣਕਾਰੀ ਜਾਰੀ ਕਰਨ ਦਾ ਦਾਅਵਾ ਕੀਤਾ।

ਰਿਪੋਰਟਾਂ ਵਿੱਚ ਕਥਿਤ ਤੌਰ ‘ਤੇ ਕਿਹਾ ਗਿਆ ਕਿ ਬੈਰਨ ਟਰੰਪ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ ਅਤੇ ਉਹ “ਸਟ੍ਰਾਈਕਿੰਗ ਰੇਂਜ” ਵਿੱਚ ਹੈ। ਇਸ ਦਾਅਵੇ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਦੇ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ। ਹਾਲਾਂਕਿ, ਬੈਰਨ ਟਰੰਪ ਦੇ ਟਿਕਾਣੇ, ਉਸ ਦੀਆਂ ਗਤੀਵਿਧੀਆਂ ਅਤੇ ਕਥਿਤ ਇਨਾਮ ਨਾਲ ਜੁੜੀ ਜਾਣਕਾਰੀ ਦੀ ਕਿਸੇ ਸੁਤੰਤਰ ਸਰੋਤ ਵੱਲੋਂ ਪੁਸ਼ਟੀ ਨਹੀਂ ਹੋ ਸਕੀ ਹੈ। ਇਸ ਲਈ ਇਨ੍ਹਾਂ ਦਾਅਵਿਆਂ ਨੂੰ ਅਜੇ ਤੱਕ ਅਧਿਕਾਰਤ ਤੌਰ ‘ਤੇ ਪ੍ਰਮਾਣਿਤ ਨਹੀਂ ਮੰਨਿਆ ਜਾ ਸਕਦਾ।

ਇਹ ਮਾਮਲਾ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਬਣਿਆ ਹੋਇਆ ਹੈ। ਅਜਿਹੇ ਹਾਲਾਤਾਂ ਵਿੱਚ ਅਮਰੀਕੀ ਰਾਸ਼ਟਰਪਤੀ ਦੇ ਪਰਿਵਾਰ ਨੂੰ ਕਥਿਤ ਤੌਰ ‘ਤੇ ਨਿਸ਼ਾਨਾ ਬਣਾਉਣ ਵਾਲੀਆਂ ਰਿਪੋਰਟਾਂ ਨੇ ਸੁਰੱਖਿਆ ਏਜੰਸੀਆਂ ਦੀ ਚਿੰਤਾ ਵਧਾ ਦਿੱਤੀ ਹੈ।

# ਪੰਜਾਬ ਵਿੱਚ ਖੰਡ ਦੀ ਕੋਈ ਘਾਟ ਨਹੀਂ, ਸਰਕਾਰ ਨੇ ਸਟਾਕ ਅਤੇ ਸਪਲਾਈ ’ਤੇ ਨਿਰੰਤਰ ਨਜ਼ਰ ਰੱਖੀ: ਭਗਵੰਤ ਸਿੰਘ ਮਾਨ

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬੇ ਵਿੱਚ ਖੰਡ ਦੀ ਕੋਈ ਘਾਟ ਨਹੀਂ ਹੈ ਅਤੇ ਪੰਜਾਬ ਸਰਕਾਰ ਆਮ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਇਸ ਦੇ ਭੰਡਾਰ, ਵਿਕਰੀ ਅਤੇ ਸਪਲਾਈ ’ਤੇ ਲਗਾਤਾਰ ਨਜ਼ਰ ਰੱਖ ਰਹੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਇਸ ਜ਼ਰੂਰੀ ਵਸਤੂ ਦੀ ਢੁਕਵੀਂ ਉਪਲਬਧਤਾ ਯਕੀਨੀ ਬਣਾਈ ਜਾਵੇ ਅਤੇ ਬਣਾਵਟੀ ਘਾਟ ਪੈਦਾ ਕਰਨ ਜਾਂ ਜ਼ਖ਼ੀਰੇਬਾਜ਼ੀ ਕਰਨ ਦੀ ਕਿਸੇ ਵੀ ਕੋਸ਼ਿਸ਼ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਪੰਜਾਬ ਕੋਲ ਪਹਿਲਾਂ ਹੀ ਖੰਡ ਦਾ ਢੁਕਵਾਂ ਸਟਾਕ ਮੌਜੂਦ ਹੈ ਅਤੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਸਮੇਂ ਲੋੜੀਂਦਾ ਸਟਾਕ ਬਰਕਰਾਰ ਰਹੇ। ਖੰਡ ਹਰ ਘਰ ਲਈ ਇੱਕ ਜ਼ਰੂਰੀ ਵਸਤੂ ਹੈ ਅਤੇ ਇਸ ਦੀ ਉਪਲਬਧਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਬਣਾਵਟੀ ਘਾਟ ਪੈਦਾ ਕਰਨ ਜਾਂ ਜ਼ਖ਼ੀਰੇਬਾਜ਼ੀ ਕਰਨ ਦੀ ਕਿਸੇ ਵੀ ਕੋਸ਼ਿਸ਼ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ।” ਉਨ੍ਹਾਂ ਅੱਗੇ ਕਿਹਾ ਕਿ ਅਧਿਕਾਰੀਆਂ ਨੂੰ ਖੰਡ ਦੀ ਮੌਜੂਦਗੀ ਬਾਰੇ ਲੋਕਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਘਬਰਾਹਟ ਜਾਂ ਗਲਤਫਹਿਮੀ ਨੂੰ ਦੂਰ ਕਰਨ ਲਈ ਵੀ ਪ੍ਰਭਾਵਸ਼ਾਲੀ ਕਦਮ ਚੁੱਕਣੇ ਚਾਹੀਦੇ ਹਨ।



ਮੁੱਖ ਮੰਤਰੀ ਨੇ ਕਿਹਾ ਕਿ ਖਰਾਬ ਮੌਸਮ ਕਾਰਨ 2025-26 ਦੌਰਾਨ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਗੰਨੇ ਦੇ ਉਤਪਾਦਨ ਵਿੱਚ ਗਿਰਾਵਟ ਆਈ ਸੀ। ਹਾਲਾਂਕਿ, ਉਨ੍ਹਾਂ ਕਿਹਾ ਕਿ ਘੱਟ ਝਾੜ ਦੇ ਬਾਵਜੂਦ ਪੰਜਾਬ ਕੋਲ ਖੰਡ ਦਾ ਢੁਕਵਾਂ ਸਟਾਕ ਹੈ ਅਤੇ ਸੂਬੇ ਵਿੱਚ ਕੋਈ ਚਿੰਤਾਜਨਕ ਸਥਿਤੀ ਨਹੀਂ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਖੰਡ ਮਿੱਲਾਂ ਕੋਲ ਮੌਜੂਦ ਖੰਡ ਦੇ ਸਟਾਕ ਦੀ ਮੌਕੇ ’ਤੇ ਤਸਦੀਕ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਫੂਡ ਸਟਾਕ ਮੌਨੀਟਰਿੰਗ ਪੋਰਟਲ ‘ਤੇ ਰਜਿਸਟ੍ਰੇਸ਼ਨ ਅਤੇ ਹਫ਼ਤਾਵਾਰੀ ਰਿਪੋਰਟਿੰਗ ਯਕੀਨੀ ਬਣਾਉਣ ਤੋਂ ਇਲਾਵਾ ਖੰਡ ਦੀ ਸਟਾਕ ਹੋਲਡਿੰਗ ਲਿਮਟ ਨੂੰ ਵੀ ਸਖ਼ਤੀ ਨਾਲ ਲਾਗੂ ਕਰਨ ਲਈ ਕਿਹਾ।

ਇਸੇ ਤਰ੍ਹਾਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਖੰਡ ਦੇ ਥੋਕ ਖਪਤਕਾਰਾਂ ‘ਤੇ ਸਟਾਕ ਹੋਲਡਿੰਗ ਲਿਮਟ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ, “ਪੰਜਾਬ ਸਰਕਾਰ ਵਡੇਰੇ ਜਨਤਕ ਹਿੱਤ ਵਿੱਚ ਖੰਡ ਦੀ ਵਿਕਰੀ, ਸਟਾਕ ਅਤੇ ਸਪਲਾਈ ‘ਤੇ ਤਿੱਖੀ ਨਜ਼ਰ ਬਣਾਈ ਰੱਖੇਗੀ।”

ਆਪਣੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਪੰਜਾਬ ਵਿੱਚ ਖੰਡ ਦੀ ਨਿਰਵਿਘਨ ਉਪਲਬਧਤਾ ਯਕੀਨੀ ਬਣਾਉਣ ਅਤੇ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕਿਆ ਜਾਵੇਗਾ।”

ਮੀਟਿੰਗ ਵਿੱਚ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਸਹਿਕਾਰਤਾ ਵਿਭਾਗ ਦੇ ਸਕੱਤਰ ਅਜੀਤ ਬਾਲਾਜੀ ਜੋਸ਼ੀ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਭਗਵੰਤ ਸਿੰਘ ਮਾਨ ਵੱਲੋਂ ਆਦਰਸ਼ ਸਕੂਲਾਂ ਦੇ ਅਧਿਆਪਕਾਂ ਦੀ ਤਨਖਾਹ ਵਿੱਚ 120 ਫੀਸਦੀ ਤੋਂ ਵੱਧ ਦਾ ਵਾਧਾ ਕਰਨ ਦੀ ਮਨਜ਼ੂਰੀ

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਭਗਵੰਤ ਸਿੰਘ ਮਾਨ ਸਰਕਾਰ ਨੇ ਆਦਰਸ਼ ਸਕੂਲਾਂ ਵਿੱਚ ਸੇਵਾਵਾਂ ਨਿਭਾ ਰਹੇ ਅਧਿਆਪਕਾਂ ਦੇ ਮਾਣ-ਸਤਿਕਾਰ ਅਤੇ ਆਰਥਿਕ ਸੁਰੱਖਿਆ ਨੂੰ ਯਕੀਨੀ ਬਣਾਉਂਦਿਆਂ ਉਨ੍ਹਾਂ ਦੀਆਂ ਤਨਖਾਹਾਂ ਵਿੱਚ 120 ਫੀਸਦੀ ਤੋਂ ਵੱਧ ਦਾ ਵਾਧਾ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਮੁੱਖ ਮੰਤਰੀ ਦੇ ਇਸ ਫੈਸਲੇ ਨਾਲ ਲਗਭਗ 1,100 ਅਧਿਆਪਕਾਂ ਨੂੰ ਲਾਭ ਹੋਵੇਗਾ, ਜਿਸ ਨਾਲ ਉਨ੍ਹਾਂ ਦੀ ਮਹੀਨਾਵਾਰ ਤਨਖਾਹ ਲਗਭਗ 10,000 ਰੁਪਏ ਤੋਂ ਵਧ ਕੇ 22,000 ਰੁਪਏ ਤੋਂ ਵੱਧ ਹੋ ਜਾਵੇਗੀ।

ਇਹ ਫੈਸਲਾ ਸਰਕਾਰ ਦੀ ਇਸ ਵਚਨਬੱਧਤਾ ਨੂੰ ਦੁਹਰਾਉਂਦਾ ਹੈ ਕਿ ਪੰਜਾਬ ਦਾ ਭਵਿੱਖ ਸੰਵਾਰਨ ਵਾਲਿਆਂ ਨੂੰ ਯੋਗ ਲਾਭ, ਮਾਣ-ਸਤਿਕਾਰ ਅਤੇ ਬਣਦੀ ਮਾਨਤਾ ਮਿਲਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਧਿਆਪਕਾਂ ਦੇ ਹਿੱਤਾਂ ਦੀ ਰਾਖੀ ਨੂੰ ਯਕੀਨੀ ਬਣਾਉਂਦੀ ਰਹੇਗੀ ਕਿਉਂਕਿ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਅਤੇ ਹਰ ਵਿਦਿਆਰਥੀ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਉਨ੍ਹਾਂ ਅਧਿਆਪਕਾਂ ਨੂੰ ਸਮਰੱਥ ਬਣਾਉਣ ਤੋਂ ਸ਼ੁਰੂ ਹੁੰਦਾ ਹੈ।

ਅਧਿਆਪਕਾਂ ਦੇ ਵਫ਼ਦ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਭਵਿੱਖ ਨੂੰ ਸੰਵਾਰਨ ਵਿੱਚ ਅਧਿਆਪਕਾਂ ਦੀ ਅਹਿਮ ਭੂਮਿਕਾ ਦੇ ਬਾਵਜੂਦ ਅਧਿਆਪਕ ਭਾਈਚਾਰੇ ਦੀ ਅਣਦੇਖੀ ਕੀਤੀ ਸੀ। ਉਨ੍ਹਾਂ ਕਿਹਾ, “ਅਧਿਆਪਕ ਸਾਡੀ ਸਿੱਖਿਆ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ। ਲਗਭਗ ਦੋ ਦਹਾਕਿਆਂ ਤੋਂ ਇਹ ਅਧਿਆਪਕ ਘੱਟ ਤਨਖਾਹ ਮਿਲਣ ਦੇ ਬਾਵਜੂਦ ਸਮਰਪਣ ਭਾਵਨਾ ਨਾਲ ਸੇਵਾਵਾਂ ਨਿਭਾ ਰਹੇ ਹਨ। ਸਾਡੀ ਸਰਕਾਰ ਨੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ 120 ਪ੍ਰਤੀਸ਼ਤ ਤੋਂ ਵੱਧ ਵਾਧਾ ਕਰਕੇ ਇਸ ਲੰਬੇ ਸਮੇਂ ਤੋਂ ਚੱਲੇ ਆ ਰਹੇ ਅਨਿਆਂ ਨੂੰ ਦੂਰ ਕਰਨ ਦਾ ਫੈਸਲਾ ਕੀਤਾ ਹੈ।”



ਮੁੱਖ ਮੰਤਰੀ ਨੇ ਕਿਹਾ ਕਿ ਅਧਿਆਪਕਾਂ ਨੂੰ ਨਾ ਸਿਰਫ਼ ਵਧੀ ਹੋਈ ਤਨਖਾਹ ਮਿਲੇਗੀ, ਸਗੋਂ ਕੇਂਦਰੀ ਵਿਦਿਆਲਿਆ ਸਕੂਲ ਦੀ ਤਰਜ਼ ‘ਤੇ ਸਹੂਲਤਾਂ ਵੀ ਦਿੱਤੀਆਂ ਜਾਣਗੀਆਂ, ਜਿਸ ਨਾਲ ਉਨ੍ਹਾਂ ਦੀਆਂ ਸੇਵਾ ਸ਼ਰਤਾਂ ਵਿੱਚ ਸੁਧਾਰ ਹੋਵੇਗਾ।

ਉਨ੍ਹਾਂ ਦੱਸਿਆ ਕਿ ਇਸ ਵੇਲੇ ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਇਨ੍ਹਾਂ ਆਦਰਸ਼ ਸਕੂਲਾਂ ਵਿੱਚ 15,000 ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ ਅਤੇ ਸੂਬਾ ਸਰਕਾਰ ਵਿਦਿਆਰਥੀਆਂ ਅਤੇ ਅਧਿਆਪਕਾਂ, ਦੋਵਾਂ ਦੇ ਹਿੱਤਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ, “ਜਦੋਂ ਅਧਿਆਪਕ ਸੁਰੱਖਿਅਤ ਅਤੇ ਸਤਿਕਾਰਤ ਮਹਿਸੂਸ ਕਰਦੇ ਹਨ ਤਾਂ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮਿਲਦੀ ਹੈ। ਸਾਡੀ ਤਰਜੀਹ ਅਧਿਆਪਕਾਂ ਦੇ ਹਿੱਤਾਂ ਦੀ ਰਾਖੀ ਕਰਨਾ ਹੈ ਤਾਂ ਜੋ ਇਨ੍ਹਾਂ ਸਕੂਲਾਂ ਵਿੱਚ ਪੜ੍ਹਦੇ ਹਰ ਬੱਚੇ ਦਾ ਭਵਿੱਖ ਸੁਰੱਖਿਅਤ ਰਹੇ।”

ਮੁਲਾਜ਼ਮਾਂ ਦੀ ਭਲਾਈ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਆਦਰਸ਼ ਸਕੂਲ ਦੇ ਅਧਿਆਪਕਾਂ ਦੀ ਅਣਦੇਖੀ ਕੀਤੀ ਅਤੇ ਅਸੀਂ ਇਨ੍ਹਾਂ ਦੀ ਹਰ ਜਾਇਜ਼ ਮੰਗ ਨੂੰ ਪੂਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ, “ਸਾਡੀ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ। ਅਸੀਂ ਇਨ੍ਹਾਂ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨ ਲਿਆ ਹੈ ਅਤੇ ਇਹ ਯਕੀਨੀ ਬਣਾਉਣਾ ਜਾਰੀ ਰੱਖਾਂਗੇ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਸੁਚਾਰੂ ਅਤੇ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਨਿਭਾ ਸਕਣ।”

ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਸਕੂਲ ਸਿੱਖਿਆ ਸਕੱਤਰ ਸੋਨਾਲੀ ਗਿਰਿ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

*In Loving Memory of*

# Ajit Singh Dosanjh



October 7, 1941 - August 19, 2026

**Funeral service:**

August 29, 2026 | at 9:00-11:00am

**247 North Broadway Turlock, CA 95380**

Sri Sehej Path Bhog & Antim Ardaas at Sikh Temple

**1391 5th St, Turlock CA 95380**

Contact Ajmer Singh Dosanjh:

(209) 216-7763


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency
CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA

# ਸਹੀ ਵਰਕ ਪਰਮਿਟ ਦੇ ਬਾਵਜੂਦ ਆਈਸ ਵੱਲੋਂ ਅਸਾਇਲਮ ਬਿਨੈਕਾਰ ਹਿਰਾਸਤ 'ਚ ਲਿਆ ਜਾ ਸਕਦੈ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿਚ ਵੈਧ ਵਰਕ ਪਰਮਿਟ ਹੋਣ ਦੇ ਬਾਵਜੂਦ ਕਿਸੇ ਵਿਅਕਤੀ ਨੂੰ ਆਈਸ ਵੱਲੋਂ ਹਿਰਾਸਤ ਵਿਚ ਲਿਆ ਜਾ ਸਕਦਾ ਹੈ ਅਤੇ ਉਸ ਖ਼ਿਲਾਫ਼ ਹਟਾਉਣ ਦੀ ਕਾਰਵਾਈਆਂ ਸ਼ੁਰੂ ਹੋ ਸਕਦੀਆਂ ਹਨ। ਇਸ ਮੁੱਦੇ ਨੂੰ ਲੈ ਕੇ ਕੈਲੀਫੋਰਨੀਆ ਦੇ ਸੈਨ ਡਿਆਗੋ ਕਾਊਂਟੀ ਨਾਲ ਸਬੰਧਤ ਅਸੀਮ ਅਲਖਵਾਜਾ ਦਾ ਮਾਮਲਾ ਇਮੀਗ੍ਰੇਸ਼ਨ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦ ਗਾਰਡੀਅਨ ਵੱਲੋਂ ਪ੍ਰਕਾਸ਼ਿਤ ਵਿਸਥਾਰਤ ਰਿਪੋਰਟ ਤੋਂ ਬਾਅਦ ਇਹ ਮਾਮਲਾ ਇਸ ਹਫ਼ਤੇ ਮੁੜ ਸਾਹਮਣੇ ਆਇਆ ਹੈ।

53 ਸਾਲਾ ਅਲਖਵਾਜਾ ਫਲਸਤੀਨੀ ਮੂਲ ਦਾ ਸਾਊਦੀ ਅਰਬ ਦਾ ਨਾਗਰਿਕ ਹੈ ਅਤੇ ਕੈਲੀਫੋਰਨੀਆ ਦੇ ਓਸ਼ੀਅਨਸਾਈਡ ਇਲਾਕੇ ਵਿਚ ਕੌਫੀ ਕਾਰੋਬਾਰ ਚਲਾਉਂਦਾ ਹੈ। ਉਹ ਵਾਧੂ ਆਮਦਨ ਲਈ ਲਿਫਟ ਡਰਾਈਵਰ ਵਜੋਂ ਵੀ ਕੰਮ ਕਰਦਾ ਸੀ। ਫਰਵਰੀ 2026 ਵਿਚ ਉਹ ਦੋ ਯਾਤਰੀਆਂ ਨੂੰ ਮਰੀਨ ਕੋਰ ਬੇਸ ਕੈਂਪ ਪੈਂਡਲਟਨ ਛੱਡਣ ਗਿਆ ਸੀ।

ਬੇਸ ਦੇ ਗੇਟ ਉੱਤੇ ਉਸਦਾ ਡਰਾਈਵਰ ਦਾ ਲਾਇਸੰਸ ਚੈੱਕ ਕਰਨ ਤੋਂ ਬਾਅਦ ਉਸ ਤੋਂ ਹੋਰ ਪਛਾਣ ਮੰਗੀ ਗਈ। ਅਲਖਵਾਜਾ ਨੇ ਆਪਣਾ ਵੈਧ ਇੰਪਲਾਇਮੈਂਟ ਆਥੋਰਾਈਜ਼ੇਸ਼ਨ ਡਾਕੂਮੈਂਟ, ਯਾਨੀ ਵਰਕ ਪਰਮਿਟ ਦਿਖਾਇਆ, ਜੋ ਫਰਵਰੀ 2030 ਤੱਕ ਵੈਧ ਦੱਸਿਆ ਗਿਆ ਹੈ। ਇਸ ਤੋਂ ਬਾਅਦ ਆਈਸ ਏਜੰਟ ਉੱਥੇ ਪਹੁੰਚੇ ਅਤੇ ਉਸਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਰਿਪੋਰਟ ਮੁਤਾਬਕ ਅਲਖਵਾਜਾ ਦਾ ਅਸਾਇਲਮ ਕੇਸ ਪੈਂਡਿੰਗ ਸੀ ਅਤੇ ਉਸਦੇ ਖ਼ਿਲਾਫ਼ ਕੋਈ ਅਪਰਾਧਿਕ ਦੋਸ਼ ਨਹੀਂ ਸੀ। ਇਸ ਦੇ ਬਾਵਜੂਦ ਉਸਨੂੰ ਓਟੇ ਮੇਸਾ ਡਿਟੈਂਸ਼ਨ ਸੈਂਟਰ ਭੇਜਿਆ ਗਿਆ, ਜਿੱਥੇ ਉਹ ਅੱਠ ਦਿਨ




ਹਿਰਾਸਤ ਵਿਚ ਰਿਹਾ। ਬਾਅਦ ਵਿਚ ਉਸਨੂੰ ਰਿਹਾਅ ਕਰ ਦਿੱਤਾ ਗਿਆ, ਪਰ ਉਸਦੀ ਲੱਤ ਉੱਤੇ ਜੀ.ਪੀ.ਐੱਸ. ਐਂਕਲ ਮਾਨੀਟਰ ਲਗਾਇਆ ਗਿਆ ਅਤੇ ਉਸਨੂੰ ਲਗਭਗ ਹਰ ਹਫ਼ਤੇ ਇਮੀਗ੍ਰੇਸ਼ਨ ਅਥਾਰਿਟੀ ਕੋਲ ਚੈੱਕ-ਇਨ ਕਰਵਾਉਣ ਦੀ ਸ਼ਰਤ ਦਿੱਤੀ ਗਈ। ਉਸਦਾ ਮਾਮਲਾ ਹੁਣ ਹਟਾਉਣ ਦੀ ਕਾਰਵਾਈ ਵਿਚ ਹੈ ਅਤੇ ਉਸਦੀ ਅਗਲੀ ਅਸਾਇਲਮ ਸੁਣਵਾਈ ਅਕਤੂਬਰ ਵਿਚ ਹੋਣੀ ਹੈ।

ਇਸ ਮਾਮਲੇ ਦੀ ਸਭ ਤੋਂ ਅਹਿਮ ਗੱਲ ਇਹ ਹੈ ਕਿ ਵਰਕ ਪਰਮਿਟ ਅਤੇ ਕਨੂੰਨੀ ਇਮੀਗ੍ਰੇਸ਼ਨ ਸਟੇਟਸ ਇੱਕੋ ਚੀਜ਼ ਨਹੀਂ ਹਨ। ਪੈਂਡਿੰਗ ਅਸਾਇਲਮ ਕੇਸ ਵਾਲਾ ਵਿਅਕਤੀ ਕੁਝ ਸ਼ਰਤਾਂ ਪੂਰੀਆਂ ਕਰਨ ਤੋਂ ਬਾਅਦ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਪ੍ਰਾਪਤ ਕਰ ਸਕਦਾ ਹੈ, ਪਰ ਇੰਪਲਾਇਮੈਂਟ ਆਥੋਰਾਈਜ਼ੇਸ਼ਨ ਡਾਕੂਮੈਂਟ ਆਪਣੇ ਆਪ ਗ੍ਰੀਨ ਕਾਰਡ, ਵੀਜ਼ਾ ਸਟੇਟਸ ਜਾਂ ਡਿਪੋਰਟੇਸ਼ਨ ਤੋਂ ਸੁਰੱਖਿਆ ਨਹੀਂ ਦਿੰਦਾ। ਅਲਖਵਾਜਾ ਦੀ ਅਟਾਰਨੀ ਨੇ ਵੀ ਇਸ ਕਾਨੂੰਨੀ ਅੰਤਰ ਨੂੰ ਇਸ ਮਾਮਲੇ ਦਾ ਮਹੱਤਵਪੂਰਨ ਹਿੱਸਾ ਦੱਸਿਆ ਹੈ।

ਡੀ.ਐੱਚ.ਐੱਸ. ਨੇ ਆਪਣਾ ਪੱਖ ਦਿੰਦਿਆਂ ਕਿਹਾ ਕਿ ਇਮੀਗ੍ਰੇਸ਼ਨ ਅਫਸਰਾਂ ਨੂੰ ਕਿਸੇ ਵਿਦੇਸ਼ੀ ਨਾਗਰਿਕ ਤੋਂ ਅਮਰੀਕਾ ਵਿਚ ਰਹਿਣ ਦੇ ਅਧਿਕਾਰ ਬਾਰੇ ਪੁੱਛਗਿੱਛ ਕਰਨ ਦਾ ਅਧਿਕਾਰ ਹੈ ਅਤੇ ਅਲਖਵਾਜਾ ਦੇ ਸਾਰੇ ਦਾਅਵੇ ਇਮੀਗ੍ਰੇਸ਼ਨ ਜੱਜ ਸਾਹਮਣੇ ਸੁਣੇ ਜਾਣਗੇ। ਉਸਦੀ ਵਕੀਲ ਦੇ ਅਨੁਸਾਰ ਉਸਦੇ ਰਿਕਾਰਡ ਉੱਤੇ ਕੋਈ ਅਪਰਾਧਿਕ ਦੋਸ਼ ਨਹੀਂ ਹੈ।

ਕੈਂਪ ਪੈਂਡਲਟਨ ਉੱਤੇ ਇਹ ਇਕੱਲਾ ਮਾਮਲਾ ਨਹੀਂ ਹੈ। ਪਹਿਲਾਂ ਦੀਆਂ ਰਿਪੋਰਟਾਂ ਮੁਤਾਬਕ ਰਾਈਡਸ਼ੇਅਰ ਅਤੇ ਡਿਲੀਵਰੀ ਡਰਾਈਵਰਾਂ ਸਮੇਤ ਦਰਜਨਾਂ ਇਮੀਗਰਾਂਟਸ ਨੂੰ ਇਸ ਮਿਲਟਰੀ ਬੇਸ ਦੇ ਗੇਟਾਂ ਉੱਤੇ ਇਮੀਗ੍ਰੇਸ਼ਨ ਅਥਾਰਟੀਜ਼ ਵੱਲੋਂ ਹਿਰਾਸਤ ਵਿਚ ਲਿਆ ਗਿਆ ਹੈ।

ਇਹ ਮਾਮਲਾ ਅਸਾਇਲਮ ਬਿਨੈਕਾਰਾਂ ਲਈ ਇੱਕ ਮਹੱਤਵਪੂਰਨ ਸੁਨੇਹਾ ਹੈ ਕਿ ਵੈਧ ਵਰਕ ਪਰਮਿਟ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ, ਪਰ ਇਹ ਆਪਣੇ ਆਪ ਆਈਸ ਡਿਟੈਂਸ਼ਨ ਜਾਂ ਹਟਾਉਣ ਦੀ ਕਾਰਵਾਈ ਤੋਂ ਕਾਨੂੰਨੀ ਸੁਰੱਖਿਆ ਨਹੀਂ ਦਿੰਦਾ। ਹਰ ਵਿਅਕਤੀ ਦਾ ਇਮੀਗ੍ਰੇਸ਼ਨ ਸਟੇਟਸ ਅਤੇ ਕੇਸ ਹਿਸਟਰੀ ਵੱਖਰੀ ਹੁੰਦੀ ਹੈ, ਇਸ ਲਈ ਕਿਸੇ ਵੀ ਕਾਰਵਾਈ ਦੀ ਸਥਿਤੀ ਵਿਚ ਯੋਗ ਇਮੀਗ੍ਰੇਸ਼ਨ ਅਟਾਰਨੀ ਤੋਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

# ਟਰੰਪ ਪ੍ਰਸ਼ਾਸਨ ਨੂੰ ਕਾਨੂੰਨੀ ਝਟਕਾ, 75 ਦੇਸ਼ਾਂ ਲਈ ਇਮੀਗ੍ਰਾਂਟ ਵੀਜ਼ਾ ਰੋਕ ਅਦਾਲਤ ਵੱਲੋਂ ਰੱਦ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿਚ ਕਾਨੂੰਨੀ ਇਮੀਗ੍ਰੇਸ਼ਨ ਨਾਲ ਜੁੜਿਆ ਇੱਕ ਵੱਡਾ ਫੈਸਲਾ ਸਾਹਮਣੇ ਆਇਆ ਹੈ। ਨਿਊਯਾਰਕ ਦੀ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੀ ਉਹ ਨੀਤੀ ਰੱਦ ਕਰ ਦਿੱਤੀ ਹੈ, ਜਿਸ ਤਹਿਤ 75 ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰਾਂਟ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਰੋਕ ਦਿੱਤੀ ਗਈ ਸੀ। ਯੂ.ਐੱਸ. ਡਿਸਟ੍ਰਿਕਟ ਜੱਜ ਜੀਨੇਟ ਵਰਗਾਸ ਨੇ 21 ਅਗਸਤ ਨੂੰ ਦਿੱਤੇ ਫੈਸਲੇ ਵਿਚ ਇਸ ਨੀਤੀ ਨੂੰ ਕਾਨੂੰਨ ਦੇ ਉਲਟ ਦੱਸਦਿਆਂ ਕਿਹਾ ਕਿ ਸੈਕਟਰੀ ਆਫ ਸਟੇਟ ਮਾਰਕੋ ਰੂਬੀਓ ਨੇ ਆਪਣੀ ਕਾਨੂੰਨੀ ਹੱਦ ਤੋਂ ਬਾਹਰ ਜਾ ਕੇ ਇਹ ਰੋਕ ਲਗਾਈ ਸੀ। ਇਹ ਫੈਸਲਾ 22 ਅਤੇ 23 ਅਗਸਤ ਨੂੰ ਅਮਰੀਕੀ ਅਤੇ ਅੰਤਰਰਾਸ਼ਟਰੀ ਮੀਡੀਆ ਵਿਚ ਵੱਡੀ ਇਮੀਗ੍ਰੇਸ਼ਨ ਖ਼ਬਰ ਬਣਿਆ ਹੈ।

ਸਟੇਟ ਡਿਪਾਰਟਮੈਂਟ ਨੇ ਇਹ ਨੀਤੀ ਜਨਵਰੀ 2026 ਵਿਚ ਲਾਗੂ ਕੀਤੀ ਸੀ। ਇਸ ਤਹਿਤ ਅਫਗਾਨਿਸਤਾਨ, ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਬ੍ਰਾਜ਼ੀਲ, ਕੋਲੰਬੀਆ, ਰੂਸ, ਈਰਾਨ, ਇਰਾਕ, ਨਾਈਜੀਰੀਆ ਅਤੇ ਸੋਮਾਲੀਆ ਸਮੇਤ 75 ਦੇਸ਼ਾਂ ਦੇ ਇਮੀਗ੍ਰਾਂਟ ਵੀਜ਼ਾ ਬਿਨੈਕਾਰਾਂ ਲਈ



ਵੀਜ਼ਾ ਜਾਰੀ ਕਰਨਾ ਰੋਕ ਦਿੱਤਾ ਗਿਆ ਸੀ। ਸਰਕਾਰ ਦਾ ਤਰਕ ਸੀ ਕਿ ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਕੁਝ ਇਮੀਗ੍ਰਾਂਟਸ ਦੇ ਅਮਰੀਕਾ ਵਿਚ ਜਨਤਕ ਲਾਭਾਂ ਉੱਤੇ ਨਿਰਭਰ ਹੋਣ ਦਾ ਖ਼ਤਰਾ ਵੱਧ ਹੋ ਸਕਦਾ ਹੈ। ਇਹ ਰੋਕ 21 ਜਨਵਰੀ 2026 ਤੋਂ ਲਾਗੂ ਹੋਈ ਸੀ। ਜੱਜ ਵਰਗਾਸ ਨੇ ਕਿਹਾ ਕਿ ਅਮਰੀਕੀ ਇਮੀਗ੍ਰੇਸ਼ਨ ਅਤੇ ਨੈਸ਼ਨੇਲਿਟੀ ਐਕਟ ਅਧੀਨ ਕਿਸੇ ਵਿਅਕਤੀ ਦੀ ਵੀਜ਼ਾ ਯੋਗਤਾ ਦਾ ਫੈਸਲਾ ਕੌਂਸਲਰ ਅਫਸਰ ਨੂੰ ਕਾਨੂੰਨ ਵਿਚ ਦਿੱਤੇ ਮਾਪਦੰਡਾਂ ਦੇ ਆਧਾਰ 'ਤੇ ਕਰਨਾ ਹੁੰਦਾ ਹੈ। ਸਿਰਫ਼ ਕਿਸੇ ਵਿਅਕਤੀ ਦੀ ਨੈਸ਼ਨੇਲਿਟੀ ਦੇ ਆਧਾਰ 'ਤੇ ਸਾਰੇ ਯੋਗ ਬਿਨੈਕਾਰਾਂ ਨੂੰ ਵੀਜ਼ਾ ਦੇਣ ਤੋਂ ਰੋਕਣਾ ਕਾਨੂੰਨੀ ਪ੍ਰਕਿਰਿਆ ਦੇ ਅਨੁਕੂਲ ਨਹੀਂ ਹੈ। ਅਦਾਲਤ ਨੇ ਇਸ ਪਾਲਿਸੀ ਦੇ ਆਧਾਰ 'ਤੇ ਕੀਤੀਆਂ ਵੀਜ਼ਾ ਰਫਿਊਜ਼ਲ ਨੂੰ ਵੀ ਦੁਬਾਰਾ ਵਿਚਾਰਨ ਦਾ ਰਾਹ ਖੋਲ੍ਹਿਆ ਹੈ। ਇੱਥੇ ਇੱਕ ਅਹਿਮ ਗੱਲ ਇਹ ਹੈ ਕਿ ਇਹ ਟੂਰਿਸਟ ਵੀਜ਼ਾ ਜਾਂ ਸਾਰੇ ਯੂ.ਐੱਸ. ਵੀਜ਼ਾ ਉੱਤੇ ਲੱਗੀ ਪਾਬੰਦੀ ਰੱਦ ਕਰਨ ਵਾਲਾ ਫੈਸਲਾ ਨਹੀਂ ਹੈ। ਇਹ ਖਾਸ ਤੌਰ 'ਤੇ 75 ਦੇਸ਼ਾਂ ਲਈ ਲਗਾਈ ਗਈ ਇਮੀਗ੍ਰੇਸ਼ਨ ਵੀਜ਼ਾ ਪਬਲਿਕ-ਚਾਰਜ ਪ੍ਰੋਸੈਸਿੰਗ ਸਸਪੈਂਸ਼ਨ ਨਾਲ ਸਬੰਧਤ ਹੈ। ਭਾਰਤ ਇਨ੍ਹਾਂ 75 ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਨਹੀਂ ਸੀ, ਇਸ ਲਈ ਇਸ ਫੈਸਲੇ ਦਾ ਭਾਰਤੀ ਬਿਨੈਕਾਰਾਂ ਉੱਤੇ ਸਿੱਧਾ ਪ੍ਰਭਾਵ ਨਹੀਂ ਪੈਂਦਾ।

# ਬਿਜਲੀ ਦੇ ਵੱਧ ਬਿੱਲਾਂ ਤੋਂ ਪ੍ਰੇਸ਼ਾਨ ਖਪਤਕਾਰਾਂ ਨੂੰ ਮਿਲੇਗੀ ਰਾਹਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸਾਂਝੀ ਕੀਤੀ ਅਹਿਮ ਜਾਣਕਾਰੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਵਿੱਚ ਬਿਜਲੀ ਦੇ ਵੱਧ ਬਿੱਲਾਂ ਅਤੇ 300 ਯੂਨਿਟ ਮੁਫ਼ਤ ਬਿਜਲੀ ਦੀ ਸਬਸਿਡੀ ਨਾ ਮਿਲਣ ਤੋਂ ਪਰੇਸ਼ਾਨ ਖਪਤਕਾਰਾਂ ਲਈ ਰਾਹਤ ਭਰੀ ਖਬਰ ਹੈ। ਸਰਕਾਰ ਨੇ ਅਜਿਹੇ 63,702 ਖਪਤਕਾਰਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਨੂੰ ਸਬਸਿਡੀ ਦਾ ਲਾਭ ਨਹੀਂ ਮਿਲ ਸਕਿਆ ਸੀ। ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪ੍ਰੈੱਸ ਕਾਨਫਰੰਸ ਕਰਕੇ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮੀਟਰ ਰੀਡਰਾਂ ਦੀ ਹੜਤਾਲ ਦੌਰਾਨ ਇਹਨਾਂ ਖਪਤਕਾਰਾਂ ਨੂੰ ਔਸਤ ਖਪਤ ਦੇ ਆਧਾਰ 'ਤੇ ਬਿੱਲ ਭੇਜੇ ਗਏ ਸਨ।

ਇਸ ਵਜ੍ਹਾ ਕਰਕੇ ਮਈ ਅਤੇ ਜੂਨ ਦੀ 300 ਯੂਨਿਟ ਤੱਕ ਦੀ ਮੁਫ਼ਤ ਬਿਜਲੀ ਦੀ ਸਬਸਿਡੀ ਬਿੱਲ ਵਿੱਚ ਨਹੀਂ ਜੁੜ ਸਕੀ। ਹੁਣ ਇਹਨਾਂ ਸਾਰੇ ਖਪਤਕਾਰਾਂ ਦੇ ਬਿੱਲ ਨਵੇਂ ਸਿਰੇ ਤੋਂ ਤਿਆਰ ਕੀਤੇ ਜਾਣਗੇ।

ਸਰਕਾਰ ਅਗਲੇ ਤਿੰਨ ਕੰਮਕਾਜੀ ਦਿਨਾਂ ਵਿੱਚ ਨਵੇਂ ਬਿੱਲ ਜਾਰੀ ਕਰੇਗੀ ਅਤੇ ਮਈ-ਜੂਨ ਦੀ ਸਬਸਿਡੀ ਦਾ ਲਾਭ ਦੇਵੇਗੀ। ਉੱਥੇ ਹੀ, ਜਿਨ੍ਹਾਂ ਖਪਤਕਾਰਾਂ ਨੇ ਪਹਿਲਾਂ ਹੀ ਬਿੱਲ ਜਮ੍ਹਾਂ



ਕਰਵਾ ਦਿੱਤਾ ਹੈ, ਉਨ੍ਹਾਂ ਦਾ ਐਡਜਸਟਮੈਂਟ ਅਗਲੇ ਬਿੱਲ ਵਿੱਚ ਕੀਤਾ ਜਾਵੇਗਾ। ਵੱਧ ਬਿੱਲ ਆਉਣ ਦੀਆਂ ਸ਼ਿਕਾਇਤਾਂ ਲਈ ਸਰਕਾਰ ਵਿਸ਼ੇਸ਼ ਹੈਲਪਲਾਈਨ ਵੀ ਸ਼ੁਰੂ ਕਰੇਗੀ, ਜਿੱਥੇ 20 ਕਰਮਚਾਰੀਆਂ ਦੀ ਟੀਮ ਸ਼ਿਕਾਇਤਾਂ ਦਾ ਹੱਲ ਕਰੇਗੀ। ਉਨ੍ਹਾਂ ਕਿਹਾ ਕਿ ਪੀਐਸਪੀਸੀਐਲ ਵਿੱਚ ਪਹਿਲਾਂ ਸਾਡਾ ਪੁਰਾਣਾ ਸਿਸਟਮ ਚੱਲਦਾ ਸੀ। ਜਦੋਂ ਅਸੀਂ ਨਵੇਂ ਸਾਫਟਵੇਅਰ ਦੀ ਵਰਤੋਂ ਕਰਨ ਲੱਗੇ ਤਾਂ ਇਸ ਵਿੱਚ ਖ਼ਾਮੀ ਆ ਗਈ। ਇਸ ਵਜ੍ਹਾ ਕਰਕੇ ਜਦੋਂ ਪੁਰਾਣੇ ਸਾਫਟਵੇਅਰ ਤੋਂ ਨਵੇਂ ਸਾਫਟਵੇਅਰ ਵਿੱਚ ਡੇਟਾ ਭੇਜਿਆ ਗਿਆ ਤਾਂ ਖ਼ਾਮੀ ਆਈ। ਇਸ ਵਿੱਚ ਪਤਾ ਲੱਗਿਆ ਕਿ ਦੋ ਪ੍ਰਤੀਸ਼ਤ ਲੋਕ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਦਾ ਬਿੱਲ ਵੱਧ ਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਖ਼ਾਮੀ ਨੂੰ ਠੀਕ ਕਰ ਦਿੱਤਾ ਗਿਆ ਹੈ। ਜਿਸ ਕੰਪਨੀ ਨੇ ਸਾਫਟਵੇਅਰ ਬਣਾਇਆ ਸੀ, ਉਸ ਨੂੰ ਸ਼ੋਅ-ਕਾਜ਼ ਨੋਟਿਸ ਭੇਜਿਆ ਗਿਆ ਹੈ। ਲੋਕਾਂ ਦੀ ਸਹੂਲਤ ਲਈ ਇੱਕ ਸਮਰਪਿਤ ਹੈਲਪਲਾਈਨ ਸ਼ੁਰੂ ਕਰਨ ਜਾ ਰਹੇ ਹਾਂ। ਇਸ 'ਤੇ 20 ਲੋਕ ਤਾਇਨਾਤ ਕੀਤੇ ਜਾਣਗੇ। ਜਿਨ੍ਹਾਂ ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਬਿੱਲ ਵੱਧ ਆਇਆ ਹੈ, ਉਸ ਦੀ ਯੋਗ ਪੜਤਾਲ ਕਰਕੇ ਜੋ ਬਣਦਾ ਹੈ, ਉਹ ਐਕਸ਼ਨ ਲਿਆ ਜਾਵੇਗਾ। 98 ਪ੍ਰਤੀਸ਼ਤ ਬਿੱਲ ਸਹੀ ਹਨ। ਹੈਲਪਲਾਈਨ 'ਤੇ ਸ਼ਿਕਾਇਤ ਕਰਨ 'ਤੇ 15 ਦਿਨਾਂ ਵਿੱਚ ਇਸ ਨੂੰ ਠੀਕ ਕਰਕੇ ਭੇਜਾਂਗੇ।

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic 43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION


Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# ਕਵੀ ਅਤੇ ਯਮਰਾਜ

ਗੱਲਾਂ 'ਚੋਂ ਗੱਲ! ਸਾਡੇ ਮਹੱਲੇ ਦੇ ਕਵੀ ਮਹਾਰਾਜ ਮੁੜ ਆਏ...

ਹੋਇਆ ਇਉਂ ਕਿ ਪਿਛਲੇ ਹਫ਼ਤੇ ਅਚਾਨਕ ਸਾਡੇ ਮਹੱਲੇ ਦੇ ਕਵੀ ਮਹਾਰਾਜ ਸਾਨੂੰ ਸਭ ਨੂੰ ਬਿਨਾਂ ਦੱਸਿਆਂ ਚੁੱਪ-ਚੁਪੀਤੇ ਮਹੱਲੇ ਤੋਂ ਕੂਚ ਕਰ ਗਏ। ਉਨ੍ਹਾਂ ਦੇ ਜਾਣ ਤੇ ਭਾਬੀ ਤੋਂ ਵੱਧ ਕਵਿਤਾ ਨੇ ਰੋ-ਰੋ ਕੇ ਆਪਣਾ ਅਜਿਹਾ ਹਾਲ ਕਰ ਲਿਆ ਕਿ ਪੁੱਛੋ ਹੀ ਨਾ। ਫਿਰ ਥੱਕ-ਹਾਰ ਕੇ ਅਸੀਂ ਇੱਕ ਸ਼ਰੀਫ਼ ਜਿਹਾ ਬੰਦਾ ਜ਼ਬਰਦਸਤੀ ਫੜ ਕੇ ਕਵਿਤਾ ਦੇ ਹਵਾਲੇ ਕਰ ਦਿੱਤਾ। ਬੰਦਾ ਬਹੁਤ ਰੋਇਆ-ਕੁਰਲਾਇਆ, "ਮੈਂ ਤਾਂ ਕੀ, ਮੇਰੇ ਕਿਸੇ ਪੁਰਖੇ ਨੇ ਕਦੇ ਕਵਿਤਾ ਨਾਲ ਇੱਕ ਪਲ ਵੀ ਨਹੀਂ ਕੱਟਿਆ, ਅਜਿਹੀ ਹਾਲਤ ਵਿੱਚ ਮੇਰੇ ਨਾਲ ਇਹ ਅਨਿਆਂ ਕਿਉਂ ਕਰ ਰਹੇ ਹੋ? ਮੈਨੂੰ ਮਾਰਨਾ ਹੀ ਹੈ ਤਾਂ ਜ਼ਹਿਰ ਦੇ ਕੇ ਮਾਰ ਦਿਓ। ਮੈਂ ਖੁਸ਼ੀ ਨਾਲ ਜ਼ਹਿਰ ਪੀਣ ਲਈ ਤਿਆਰ ਹਾਂ ਪਰ ਕਵਿਤਾ ਦੇ ਨਾਲ ਇੱਕ ਪਲ ਵੀ ਰਹਿਣਾ ਮੈਨੂੰ ਮਨਜ਼ੂਰ ਨਹੀਂ।" ਪਰ ਮਹੱਲੇ ਵਿੱਚ ਕੌਣ ਸੀ, ਜੋ ਉਹਦੀ ਗੱਲ ਸੁਣਦਾ।

ਕਵੀ ਦੇ ਜਾਣ ਤੋਂ ਚਾਰ ਦਿਨਾਂ ਤੱਕ ਉਹਦੀ ਕਵਿਤਾ ਦੀਆਂ ਚਾਰ ਪੰਕਤੀਆਂ ਯਾਦ ਰਹੀਆਂ ਅਤੇ ਬਿਜਲੀ-ਪਾਣੀ ਦਾ ਬਿਲ ਆਉਂਦੇ ਹੀ ਉਹ ਵੀ ਭੁੱਲ ਗਈਆਂ। ਅੱਜ ਦੇ ਦੌਰ ਵਿੱਚ ਨਾ ਕਵਿਤਾ ਯਾਦ ਰੱਖਣ ਦੀ ਚੀਜ਼ ਹੈ ਨਾ ਕਵੀ। ਆਟੇ-ਦਾਲ ਤੋਂ ਵਿਹਲ ਮਿਲੇ ਤਾਂ ਹੀ ਕਵਿਤਾ ਯਾਦ ਰਹੇ, ਕਵੀ ਯਾਦ ਰਹੇ। ਅੱਜ ਦੇ ਦੌਰ ਵਿੱਚ ਤਾਂ ਕਮਬਖਤ ਖੁਦ ਨੂੰ ਵੀ ਭੁੱਲਣ ਦੀ ਬੀਮਾਰੀ ਹੋਣ ਲੱਗੀ ਹੈ। ਕਵੀ ਤਾਂ ਯਾਦ ਰੱਖਣ ਦੀ ਚੀਜ਼ ਹੁੰਦਾ ਹੀ ਨਹੀਂ, ਸੋ ਰਿਸ਼ਤੇਦਾਰਾਂ ਵਾਂਗ ਮੈਨੂੰ ਉਹ ਵੀ ਭੁੱਲ ਗਿਆ। ਹੁਣ ਹੋਰਾਂ ਵਾਂਗ ਉਹ ਵੀ ਉਹਦੀ ਬਰਸੀ ਤੇ ਯਾਦ ਆਇਆ ਕਰੇਗਾ, ਉਹ ਵੀ ਤਾਂ, ਜੇ ਭਾਬੀ ਨੇ ਉਸ ਦਿਨ ਕੁਝ ਖਾਣ-ਪੀਣ ਦਾ ਪ੍ਰਬੰਧ ਕਰ ਦਿੱਤਾ ਤਾਂ ... ਸੱਚ ਜਾਣੋ, ਹੁਣ ਤਾਂ ਬਿਨਾਂ ਮਤਲਬ ਤੋਂ ਮੈਂ ਆਪਣੇ-ਆਪ ਨੂੰ ਵੀ ਯਾਦ ਰੱਖਣਾ ਛੱਡ ਦਿੱਤਾ ਹੈ।

ਕੱਲ੍ਹ ਸਵੇਰੇ ਕੁੱਤੇ ਨਾਲ ਘੁੰਮਣ ਨਿਕਲਿਆ ਹੀ ਸੀ ਕਿ ਸਾਹਮਣੇ ਤੋਂ ਗਏ ਕਵੀ ਵਰਗਾ ਕੋਈ ਆਉਂਦਾ ਦਿੱਸਿਆ। ਉਵੇਂ ਹੀ ਖੰਘਦਾ ਹੋਇਆ, ਚਾਲੀਆਂ ਦਾ ਹੋਣ ਤੇ ਵੀ ਉਵੇਂ ਹੀ ਸੱਠਾਂ ਦਾ ਕੁੱਬਾ ਜਿਹਾ। ਪਹਿਲਾਂ ਤਾਂ ਮੈਂ ਸੋਚਿਆ ਕਿ ਮਨ ਦਾ ਵਹਿਮ ਹੋਵੇਗਾ। ਇਸ ਸੰਸਾਰ ਤੋਂ ਗਏ ਹੋਇਆਂ 'ਚੋਂ ਸਾਰੇ ਪਰਤ ਕੇ ਆ ਸਕਦੇ ਹਨ ਪਰ ਕੋਈ ਕਵੀ ਭੁੱਲ ਕੇ ਵੀ ਇਹ ਭੁੱਲ ਕਰਨ ਵਾਲਾ ਨਹੀਂ। ਮੈਂ ਡਰਿਆ ਵੀ, ਜੇ ਕਿਤੇ ਸੱਚੀਂ ਹੀ ਕਵੀ ਹੋਇਆ ਤਾਂ ਐਤਕੀ ਵੀ ਦਸ ਕਵਿਤਾਵਾਂ ਸੁਣਾ ਕੇ ਹੀ ਛੱਡੇਗਾ। ਇੰਨੇ ਦਿਨਾਂ ਤੋਂ ਕਿਸੇ ਨੂੰ ਕਵਿਤਾ ਸੁਣਾਈ ਨਹੀਂ ਹੋਵੇਗੀ। ਹੋ ਸਕਦਾ ਹੈ ਵਿਚਾਰਾ ਕਾਵਿਆਤਮਕ ਕਬਜ਼ ਤੋਂ ਪ੍ਰੇਸ਼ਾਨ ਹੋਵੇ! ਕੁੱਤੇ ਨੇ ਉਹਨੂੰ ਵੇਖ ਕੇ ਭੌਂਕਣਾ ਸ਼ੁਰੂ ਕੀਤਾ ਤਾਂ ਮੈਂ ਸਮਝ ਗਿਆ ਕਿ ਬੰਦਾ ਤਾਂ ਕੋਈ ਨਾ ਕੋਈ ਹੈ ਜ਼ਰੂਰ। ਮੇਰੇ ਮਨ ਦਾ ਭੂਤ ਹੁੰਦਾ ਤਾਂ ਮੈਂ ਭਲੇ ਹੀ ਭੌਂਕਦਾ ਪਰ ਕੁੱਤਾ ਤਾਂ ਘੱਟੋ ਘੱਟ ਨਾ ਭੌਂਕਦਾ।

ਅਤੇ ਉਹ ਪੂਰੇ ਦਾ ਪੂਰਾ ਕਵੀ ਮੇਰੇ ਬਿਲਕੁਲ ਸਾਹਮਣੇ। ਠੀਕ ਉਵੇਂ ਹੀ ਜਿਵੇਂ ਉਹ ਪੰਜ ਤੱਤਾਂ ਵਿੱਚ ਵਿਲੀਨ ਹੀ ਨਾ ਹੋਇਆ ਹੋਵੇ।

"ਕਿਉਂ ਰਾਮ ਆਸਰੇ ਭਰਾਵਾ! ਕਿਵੇਂ ਹੈਂ? ਮਹੱਲੇ ਵਿੱਚ ਸਭ ਕੁਸ਼ਲ-ਮੰਗਲ ਹੈ ਨਾ? ਘਰਵਾਲੀ ਦੇ ਚੁੱਲੇ ਤੇ ਤਵਾ ਚੜ੍ਹਿਆ ਕਿ ਨਹੀਂ ...ਕਿਸੇ ਰਚਨਾ-ਰੁਚਨਾ ਦਾ ਕੋਈ ਮਨੀਆਰਡਰ ਵਗੈਰਾ ਆਇਆ ਹੋਵੇਗਾ, ਕਿਉਂ ...", ਕਵੀ ਨੇ ਢਿੱਡ ਫੜ ਕੇ ਹੱਸਦਿਆਂ ਪੁੱਛਿਆ ਤਾਂ ਮੇਰਾ ਤਾਂ ਜਿਵੇਂ ਸਾਹ ਹੀ ਬੰਦ ਹੋ ਗਿਆ ਹੋਵੇ!

"ਤੂੰ!! ਤੂੰ ਯਾਰ! ਤੂੰ ਤਾਂ ..."

"ਦੁਨੀਆਂ ਮਰਦੀ ਹੈ ਭਰਾਵਾ! ਸਾਡੇ ਵਰਗੇ ਲੇਖਕ ਨਹੀਂ। ਮਹੱਲੇ ਤੋਂ ਬਿਨਾਂ ਰਹਿਣਾ ਮੁਸ਼ਕਿਲ ਜਿਹਾ ਹੋ ਗਿਆ ਸੀ, ਸੋ ਸਭ ਛੱਡ-ਛਡਾ ਕੇ ਆ ਗਿਆ।"

"ਪਰ ਆਇਆ ਕਿਵੇਂ? ਕਹਿੰਦੇ ਹਨ ਕਿ ਪ੍ਰੇਮਿਕਾ ਦੇ ਚੁੰਗਲ ਤੋਂ ਬੰਦਾ ਛੁੱਟ ਕੇ ਆ ਸਕਦਾ ਹੈ ਪਰ ਯਮਰਾਜ ਦੇ ਚੁੰਗਲ ਤੋਂ ਨਹੀਂ!"

"ਬਸ ਆ ਗਿਆ ਤਾਂ ਆ ਗਿਆ", ਕਹਿ ਕੇ ਉਹਨੇ ਅਜਿਹਾ ਠਹਾਕਾ ਮਾਰਿਆ ਕਿ ... ਨਾਲ ਦੇ ਕਬਰਿਸਤਾਨ ਤੋਂ ਚਾਰ ਮੁਰਦੇ ਕਬਰ ਛੱਡ ਕੇ ਬਾਹਰ ਆ ਗਏ।

"ਕੀ ਯਮਰਾਜ ਨੂੰ ਪਟਾ ਲਿਆ ਭਰਾਵਾ! ਏਥੇ ਤਾਂ ਚਾਲੀ ਸਾਲ ਤੱਕ ਨੌਕਰੀ ਕੀਤੀ ਪਰ ਸਿਰਫ ਇੱਕ ਸਾਹਬ ਨਹੀਂ ਪਟਿਆ ਅਤੇ ਤੂੰ ਹੈਂ ਕਿ... ਬੜਾ ਉਸਤਾਦ ਨਿਕਲਿਆ ਯਾਰ..."

"ਅਸਲ ਵਿੱਚ ਏਥੋਂ ਜਾਂਦੇ-ਜਾਂਦੇ ਕਵਿਤਾਵਾਂ ਦੀ ਡਾਇਰੀ ਨਾਲ ਲੈ ਗਿਆ ਸਾਂ। ਸੋਚਿਆ ਸੀ ਕਿ ਜੇ ਓਥੇ ਸਰੋਤੇ ਮਿਲ ਗਏ ਅਤੇ ਉਨ੍ਹਾਂ ਨੇ ਕਵਿਤਾ ਸੁਣਾਉਣ ਦੀ ਮੰਗ ਰੱਖ ਦਿੱਤੀ ਤਾਂ ... ਉਸ ਦਿਨ ਚਲਦੇ-ਚਲਦੇ ਯਮਰਾਜ ਨੇ ਮੈਨੂੰ ਖਾਮੋਸ਼ੀ ਤੋੜਦੇ ਪੁੱਛਿਆ ਸੀ - ਕੀ ਕਰਦਾ ਸੈਂ ਏਥੇ?"

"ਹਜ਼ੂਰ, ਕਵਿਤਾ ਕਰਦਾ ਸਾਂ", ਮੈਂ ਬੀਮਾਰੀ ਨਾਲ ਸੁੰਗੜਿਆ ਸੀਨਾ ਚੌੜਾ ਕਰਦੇ ਕਿਹਾ।

"ਇਹ ਕਵਿਤਾ ਕੀ ਹੁੰਦੀ ਹੈ?" ਯਮਰਾਜ ਨੇ ਉਦੋਂ ਡਰਦੇ ਹੋਏ ਪੁੱਛਿਆ ਸੀ।

"ਮਨ ਦੇ ਅੰਗ-ਅੰਗ ਨੂੰ ਖਿੜਾ ਦਿੰਦੀ ਹੈ। ਸਦੀਆਂ ਦੀ ਥਕਾਵਟ ਨੂੰ ਮਿਟਾ ਦਿੰਦੀ ਹੈ। ਮਰੇ ਹੋਏ ਮਨ ਵਿੱਚ ਵੀ ਜੀਣ ਦੀ ਇੱਛਾ ਜਗਾ ਦਿੰਦੀ ਹੈ ਜਨਾਬ!"

"ਯਾਰ, ਯੁਗ ਬੀਤ ਗਏ ਮੁਰਦੇ ਢੋਂਦੇ-ਢੋਂਦੇ। ਬਹੁਤ ਥੱਕ ਗਿਆ ਹਾਂ। ਆਰਾਮ ਕਰ ਲੈਂਦੇ ਹਾਂ। ਕੋਈ ਕਵਿਤਾ ਨਾਲ ਲਿਆਇਆ ਹੈਂ ਤਾਂ ਸੁਣਾ ਦੇ!"

"ਬਸ! ਯਮਰਾਜ ਦੇ ਕਹਿਣ ਦੀ ਦੇਰ ਸੀ ਕਿ ਮੈਂ ਕੱਛ ਵਿੱਚ ਦਬਾਈ ਡਾਇਰੀ ਖੋਲ੍ਹ ਲਈ। ਇੱਕ ਕਵਿਤਾ, ਦੂਜੀ ਕਵਿਤਾ, ਤੀਜੀ ਕਵਿਤਾ ..."

"ਫਿਰ?"

"ਫ਼ਿਰ ਕੀ! ਪਹਿਲੀ ਵਾਰੀ ਕੋਈ ਸ਼ੁੱਧ ਸਰੋਤਾ ਮਿਲਿਆ ਸੀ। ਨਹੀਂ ਤਾਂ ਜੀਂਦੇ-ਜੀਅ ਤਾਂ ਟਮਾਟਰ, ਜੁੱਤੀਆਂ ਸੁੱਟਣ ਵਾਲੇ ਹੀ ਵਧੇਰੇ ਮਿਲੇ। ਉਹ ਕਵਿਤਾ ਸੁਣਦੇ-ਸੁਣਦੇ ਬੇਹੋਸ਼ ਹੋ ਗਏ। ਪਰ ਮੈਨੂੰ ਲੱਗਿਆ ਕਿ ਜਿਵੇਂ ਉਹ ਕਵਿਤਾ ਵਿੱਚ ਲੀਨ ਹੋਣ। ਮੈਂ ਬਿਨਾਂ ਰੁਕੇ ਤਿੰਨ ਦਿਨਾਂ ਤੱਕ ਓਥੇ ਹੀ ਬੈਠੇ-ਬੈਠੇ ਉਨ੍ਹਾਂ ਨੂੰ ਕਵਿਤਾ ਸੁਣਾਉਂਦਾ ਰਿਹਾ। ਜਦੋਂ ਉਨ੍ਹਾਂ ਨੂੰ ਹੋਸ਼ ਆਈ ਤਾਂ ਉਹ ਚੀਕੇ..."

"ਕਿਵੇਂ?"

"ਬਿਲਕੁਲ ਉਵੇਂ ਹੀ ਜਿਵੇਂ ਏਥੋਂ ਦੇ ਕਵੀ-ਸਮਾਗਮਾਂ ਵਿੱਚ ਸਰੋਤੇ ਅੱਧੇ ਘੰਟੇ ਪਿੱਛੋਂ ਹੀ ਚੀਕਣ ਲੱਗ ਪੈਂਦੇ ਹਨ। ਸਰੋਤੇ ਚਾਹੇ ਸਵਰਗ ਦੇ ਹੋਣ ਜਾਂ ਨਰਕ ਦੇ, ਸਾਰੇ ਇੱਕੋ ਜਿਹੇ ਹੀ ਹੁੰਦੇ ਨੇ ਮੇਰੇ ਦੋਸਤ!"

"ਫੇਰ?"


"ਫੇਰ ਕੀ! ਫਿਰ ਯਮਰਾਜ ਨੇ ਆਪਣੇ ਕੰਨਾਂ ਵਿੱਚ ਉਂਗਲਾਂ ਪਾਉਂਦੇ ਪੁੱਛਿਆ - ਕਵਿਤਾ ਕਦੋਂ ਤੱਕ ਸੁਣਾ ਸਕਦਾ ਹੈਂ?"

"ਜਦੋਂ ਤੱਕ ਲੋਕ ਵਿੱਚ ਟਮਾਟਰ ਰਹਿਣਗੇ", ਮੈਂ ਛਾਤੀ ਚੌੜੀ ਕਰਕੇ ਕਿਹਾ।

"ਤਾਂ ਪਲੀਜ਼! ਤੂੰ ਆਪਣੇ ਲੋਕ ਵਿੱਚ ਵਾਪਸ ਚਲਾ ਜਾਹ। ਜਾਹ, ਮੈਂ ਤੈਨੂੰ ਮੌਤ ਦੇ ਬੰਧਨ ਤੋਂ ਮੁਕਤ ਕਰਦਾ ਹਾਂ। ਮੇਰੇ ਲੋਕ ਵਿੱਚ ਆਤਮਾਵਾਂ ਨੂੰ ਉਨ੍ਹਾਂ ਦੇ ਕਰਮਾਂ ਦੀ ਸਜ਼ਾ ਮਿਲਦੀ ਹੈ, ਕਵੀ ਦੀ ਕਵਿਤਾ ਦੀ ਨਹੀਂ।"

"ਫੇਰ?"

"ਫੇਰ ਕੀ! ਆਹ ਵੇਖ! ਤੇਰੇ ਸਾਹਮਣੇ ਹਾਂ। ਆਹ ਲੈ, ਦੋ-ਚਾਰ ਕਵਿਤਾਵਾਂ ਹਰ ਵੇਲੇ ਆਪਣੀ ਜੇਬ ਵਿੱਚ ਰੱਖਿਆ ਕਰ, ਜਿਵੇਂ ਲੂ ਵਿੱਚ ਬੰਦੇ ਨੂੰ ਗੰਢਾ ਲੂ ਤੋਂ ਬਚਾਉਂਦਾ ਹੈ, ਉਸੇ ਤਰ੍ਹਾਂ ਕਵਿਤਾ ਵੀ ਬੰਦੇ ਨੂੰ ਹਰ ਰੁੱਤ ਵਿੱਚ ਹਰ ਕਿਸਮ ਦੀ ਮੌਤ ਤੋਂ ਬਚਾਉਂਦੀ ਹੈ। ਉਂਜ ਵੀ ਅੱਜਕੱਲ੍ਹ ਸਮਾਂ ਬੜਾ ਨਾਜ਼ੁਕ ਚੱਲ ਰਿਹਾ ਹੈ। ਸਵੇਰੇ ਘਰੋਂ ਨਿਕਲੋ ਤਾਂ ਸ਼ਾਮ ਨੂੰ ਘਰ ਮੁੜਨ ਦੀ ਉਮੀਦ ਘੱਟ ਹੀ ਹੁੰਦੀ ਹੈ। ਦੁਪਹਿਰੇ ਤੇਰੇ ਘਰੇ ਆਵਾਂਗਾ, ਕਵਿਤਾ ਕਰਨੀ ਸਿਖਾ ਦਿਆਂਗਾ। ਫਿਰ ਨਿਡਰ ਹੋ ਕੇ ਜਿੱਥੇ ਮਰਜ਼ੀ ਘੁੰਮੀਂ। ਕਵਿਤਾ ਕਰਨੀ ਛੱਡ ਦਿਆਂਗਾ ਜੇ ਕੋਈ ਤੇਰਾ ਵਾਲ ਵੀ ਵਿੰਗਾ ਕਰ ਦੇਵੇ! ਭਾਬੀ ਘਰੇ ਹੀ ਹੋਵੇਗੀ ਨਾ! ਹਫ਼ਤੇ ਤੋਂ ਚਾਹ ਨਹੀਂ ਪੀਤੀ। ਚਾਹ ਤੋਂ ਬਿਨਾਂ ਜਿਵੇਂ ਪੂਰਾ ਸਰੀਰ ਟੁੱਟ ਰਿਹਾ ਹੈ", ਕਹਿ ਕੇ ਉਹਨੇ ਆਪਣੀ ਡਾਇਰੀ 'ਚੋਂ ਤਿੰਨ-ਚਾਰ ਕਵਿਤਾ ਵਾਲੇ



ਪੰਨੇ ਪਾੜ ਕੇ ਮੈਨੂੰ ਦੇ ਦਿੱਤੇ। ਮੈਂ ਝੱਟਪੱਟ ਉਸਦੀ ਡਾਇਰੀ ਦੇ ਉਹ ਪੰਨੇ ਆਪਣੀ ਜੇਬ 'ਚ ਪਾ ਲਏ। ਕੁੱਤਾ ਇਹ ਸਭ ਵੇਖ ਕੇ ਹੱਸਿਆ ਤਾਂ ਮੈਂ ਉਸ ਤੋਂ ਪੁੱਛਿਆ, "ਹੱਸ ਕਿਉਂ ਰਿਹੈਂ? ਲੈ ਇੱਕ ਕਵਿਤਾ ਤੂੰ ਵੀ ਰੱਖ ਲੈ। ਕਮੇਟੀ ਵਾਲੇ ਅੱਜਕੱਲ੍ਹ ਕੁੱਤਿਆਂ ਦੇ ਮਗਰ ਹੱਥ ਧੋ ਕੇ ਪਏ ਹਨ।"

ਉਹਨੇ ਉਹ ਕਵਿਤਾ ਚੁੱਪਚਾਪ ਆਪਣੇ ਪਟੇ ਵਿੱਚ ਬੰਨ੍ਹ ਕੇ ਚੈਨ ਦਾ ਲੰਮਾ ਸਾਹ ਲਿਆ।

ਹੁਣ ਪਤਾ ਲੱਗਿਆ ਕਿ ਬੰਦਾ ਲੱਖ ਗਰੀਬੀਆਂ ਦੇ ਬਾਵਜੂਦ ਕਿਵੇਂ ਜੀਅ ਰਿਹਾ ਸੀ!

****

**ਮੂਲ: ਅਸੌਕ ਗੌਤਮ**
ਨੇੜੇ ਮੇਨ ਵਾਟਰ ਟੈਂਕ
ਸੋਲਨ-173212
(ਹਿਮਾਚਲ ਪ੍ਰਦੇਸ਼)
9418070089







web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# TAKE CONTROL OF YOUR HEALTH!

## PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.


HOMEOPATHIC NATURAL MEDICINES

When Tired of All Treatments,
For any Disease, at any Age
Try Alternative Treatment

Safe and Effective Medicines without any Side Effects



GURDIP S SANDHU




Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India

(408) 687-1899 (925) 587-1148

Homeopathic Medicine and Notary Consultancy
9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA



SANJHI SOCH

ਨਿੰਦਰ ਘੁਗਿਆਣਵੀ

# ਅਜੋਕੀ ਗਾਇਕੀ ਦੇ ਗਗਨ ਦਾ ਤਾਰਾ: ਨਿਰਵੈਰ ਪਨੂੰ

ਫਿਰੋਜ਼ਪੁਰ ਜਿਲੇ ਦੇ ਛੋਟੇ ਜਿਹੇ ਸ਼ਹਿਰ ਜੀਰੇ ਦਾ ਵੱਡਾ ਗਵੱਈਆ ਹੋਇਆ ਜਗਜੀਤ ਸਿੰਘ ਜੀਰਵੀ, ਸਾਰੀ ਉਮਰ ਸਾਹਿਤਕ ਤੇ ਸਮਾਜਿਕ ਰੰਗਣ ਵਿਚ ਰੰਗੇ ਗੀਤ ਗਾਉਂਦਾ ਰਿਹਾ, ਬੜਾ ਨਾਂ ਕਮਾ ਗਿਆ, ਇਕੱਲਿਆਂ ਵੀ ਬਥੇਰਾ ਗਾਇਆ, ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨਾਲ ਵੀ ਗਾਇਆ ਤੇ ਨੈਸ਼ਨਲ ਐਵਾਰਡ ਵੀ ਮਿਲਿਆ। ਆਖਿਰ ਉਹ ਟੋਰਾਂਟੋ ਵਿਚ ਪੂਰਾ ਹੋ ਗਿਆ। ਅਜੀਤ ਅਖਬਾਰ ਦੇ ਮਾਲਕ ਤੇ ਮੁੱਖ ਸੰਪਾਦਕ ਡਾ ਬਰਜਿੰਦਰ ਸਿੰਘ ਹਮਦਰਦ ਨੇ ਕਿਧਰੇ ਲਿਖਿਆ ਸੀ ਕਿ ਜਦ ਜੀਰੇ ਵਿਚੋਂ ਦੀ ਲੰਘਦੇ ਹਾਂ, ਤਾਂ ਉਦੋਂ ਹੀ ਜਗਜੀਤ ਜੀਰਵੀ ਦੀ ਯਾਦ ਆਉਂਦੀ ਏ ਪਰ ਜਦ ਜੀਰਾ ਟੱਪ ਜਾਨੇ ਆਂ, ਤਾਂ ਜੀਰੇ ਦੀਆਂ ਧੂੜ ਭਰੀਆਂ ਗਲੀਆਂ ਵਿਚ ਜੀਰਵੀ ਗੁਆਚ ਜਾਂਦਾ ਏ। ਹਮਦਰਦ ਸਾਹਿਬ ਦੀ ਇਹ ਟਿੱਪਣੀ ਬੜੀ ਕਮਾਲ ਹੈ ਤੇ ਮੇਰੀ ਬਰੈਂਪਟਨ ਵਿਚ ਹੋਈ ਜਗਜੀਤ ਜੀਰਵੀ ਨਾਲ ਮਿਲਣੀ ਚੇਤੇ ਵਿਚ ਵੱਸੀ ਹੋਈ ਹੈ।

ਜੀਰਵੀ ਦੇ ਜਾਣ ਬਾਅਦ ਇਹ ਰਤਾ ਵੀ ਨਹੀਂ ਸੀ ਲਗਦਾ ਕਿ ਹੁਣ ਜੀਰੇ ਵਾਲੇ ਪਾਸਿਓਂ (ਪਿਆਰੇ ਜਿਹੇ ਪਿੰਡ ਲਹੁਕੇ ਤੋਂ) ਵੀ ਕਦੀ ਸੰਗੀਤ ਭਰੀ ਠੰਢੀ ਹਵਾ ਦੇ ਬੁੱਲਾ ਆਏਗਾ, ਤੇ ਆਪਣੀ ਵਿਲੱਖਣ ਸੁਰ ਨਾਲ ਆਲੇ-ਦੁਆਲੇ ਨੂੰ ਮੰਤਰ -ਮੁਗਧ ਕਰ ਸੁੱਟੇਗਾ ਅਤੇ ਅੰਤਰਾਸ਼ਟਰੀ ਪੱਧਰ ਉਤੇ ਛੋਟੀ ਆਯੂ ਦਾ ਵੱਡਾ ਗਵੱਈਆ ਸਿੱਧ ਹੋਵੇਗਾ। ਉਹ ਸੰਗੀਤਕ ਬੁੱਲਾ ਸੁਰੀਲੀ ਤੇਜ ਹਵਾ ਵਾਂਗਰ ਚਾਰੇ ਪਾਸੇ ਗਾਹ ਪਾ ਦੇਵੇਗਾ, ਤੇ ਨਿੱਕੀ ਉਮਰ ਦਾ ਵੱਡਾ ਫ਼ਨਕਾਰ ਬਣਨ ਦਾ ਮਾਣ ਪਾਵੇਗਾ। ਉਹ ਬਹੁਤਾ ਆਪੇ ਲਿਖੇਗਾ, ਤੇ ਆਪੇ ਈ ਗਾਏਗਾ, ਬਿਲਕੁਲ ਉਵੇਂ, ਜਿਵੇਂ ਉਸਤਾਦ ਲਾਲ ਚੰਦ ਯਮਲਾ ਜੀ ਆਪੇ ਲਿਖਦੇ ਰਹੇ ਤੇ ਆਪੇ ਗਾਉਂਦੇ ਰਹੇ, ਤੇ ਸਾਡਾ ਗੁਰਦਾਸ ਮਾਨ ਵੀ ਆਪੇ ਲਿਖ ਕੇ ਆਪੇ ਗਾਉਂਦਾ ਏ। ਨਿਰਵੈਰ ਪਨੂੰ ਇੱਕ ਸਮਰੱਥ ਗਾਇਕ ਦੇ ਨਾਲ ਨਾਲ ਸ਼ਾਇਰ ਵਜੋਂ ਵੀ ਸਫਲ ਹੈ। ਉਹ ਆਪਣੇ ਗੀਤਾਂ ਵਿੱਚ ਨਿੱਕੀਆਂ ਨਿੱਕੀਆਂ ਤਸ਼ਬੀਹਾਂ ਦਿੰਦਾ ਹੈ, ਜੋ ਨਵਿਆਂ ਨੂੰ ਛੇਤੀ ਛੇਤੀ ਸਮਝ ਪੈ ਜਾਂਦੀਆਂ ਨੇ। ਇਸ ਛੋਟੀ ਜਿਹੀ ਉਮਰ ਦੇ ਮੁੰਡੇ ਨੇ ਦੁਨੀਆਂ 'ਕਮਲੀ' ਕੀਤੀ ਪਈ ਹੈ। ਹਰ ਗਲੀ ਖੂੰਜੇ, ਮੋੜ ਮੁਹੱਲੇ, ਫੋਨ ਟਿਊਨ ਉੱਤੇ, ਕਾਰਾਂ ਵਿਚ, ਜਹਾਜ਼ਾਂ ਵਿਚ, ਪੈਲਿਸਾਂ ਤੇ ਪੱਬਾਂ ਤੇ ਵਿੱਚ ਹਰ ਪਾਸੇ ਨਿਰਵੈਰ ਪਨੂੰ ਦੀ ਆਵਾਜ਼ ਗੂੰਜ ਰਹੀ ਹੈ। ਜੇ ਮੈਂ ਸਿੱਧੇ ਰੂਪ ਵਿਚ ਇਹ ਲਿਖਾਂ ਕਿ ਨਿਰਵੈਰ ਗੀਤ ਗਾਉਂਦਾ ਹੋਇਆ ਸਰੋਤੇ ਨਾਲ ਸੰਵਾਦ ਰਚਾਉਂਦਾ ਹੈ, ਭਾਵ ਕਿ ਗੱਲਾਂ ਕਰਦਾ ਹੈ ਨਿੱਕੀਆਂ-ਨਿੱਕੀਆਂ ਤੇ ਪਿਆਰ ਪਰੁੱਚੀਆਂ ਗੱਲਾਂ। ਮੈਨੂੰ ਲਗਦਾ ਹੈ ਕਿ ਨਿਰਵੈਰ ਦੇ ਵਡੇਰਿਆਂ ਪਨੂੰਆਂ ਨੇ ਕੋਈ ਪੁੰਨ ਕਰੇ ਹੋਣੇ ਨੇ ਕਿ ਉਨਾਂ ਦੇ ਘਰੇ ਨਿਰਵੈਰ ਜੰਮ ਪਿਆ। ਉਸਦੀ ਆਵਾਜ਼ ਵਲ ਖਾਂਦੀ ਹੈ, ਵਲੇਟਾ ਮਾਰਦੀ ਹੈ।

ਜਦ ਮੈਂ ਉਸਨੂੰ ਕਈ-ਕਈ ਵਾਰੀ ਸੁਣਿਆ, ਤੇ ਆਪਣੇ ਆਪ ਨੂੰ ਪੁੱਛਿਆ ਕਿ ਕਿਆ ਅਲਾਪ ਹੈ ਏਸ ਕਾਕੇ ਦਾ! ਬੜੀ ਸਹਿਜ ਨਾਲ ਜਿਵੇਂ ਸਰੋਵਰ ਦੇ ਜਲ ਦੀਆਂ ਪਤਲੀਆਂ ਤਰੰਗਾਂ ਹੋਣ! ਕੈਸਾ ਹੈ ਏਹ ਅਲਾਪ ਕਦੇ ਬਿਲਕੁਲ ਸਿੱਧਾ ਤੇ ਸਟਰੇਟ? ਉਹਨੇ ਇਕ ਗੀਤ ਦੇ ਗਾਇਨ ਮੂਹਰੇ ਅਲਾਪਿਆ ਹੈ, ਤਾਂ ਇਓਂ ਜਾਪਿਆ ਜਿਵੇਂ ਕੱਕਰ ਲੱਦੇ ਕਿਸੇ ਬਿਰਖ ਥੱਲੇ ਬੈਠਾ ਕੋਈ ਕੋਸੇ-ਕੋਸੇ ਸਾਹ ਭਰ ਰਿਹਾ ਹੋਵੇ, ਜਾਂ ਕੋਈ ਤਪਦਾ ਰੇਤਲਾ ਟਿੱਬਾ ਕਿਣ-ਮਿਣ ਨੂੰ ਉਡੀਕਦਾ ਅਕਾਸ਼ ਤੇ ਧਰਤ ਦਾ ਰਾਹ ਮਿਣ ਰਿਹਾ ਹੋਵੇ, ਜਾਂ ਕਿਤੇ ਦੂਰ ਘਣੇ ਕਾਲੇ ਜੰਗਲ ਵਿਚ ਭਟਕਦੀ ਕੋਇਲ ਕਿਸੇ ਅਣਗੌਲੇ ਲੋਕ ਗੀਤ ਦੇ ਬੋਲਾਂ ਨੂੰ ਢੂੰਡ ਰਹੀ ਹੋਵੇ! ਮੈਂ ਮਹਿਸੂਸ ਕੀਤਾ ਕਿ ਨਿਰਵੈਰ ਪਨੂੰ ਜਦ ਗਾਉਂਦਾ ਹੈ, ਤਾਂ ਸੁਖ ਦਿੰਦਾ ਹੈ:

ਕਦੇ ਸਾਨੂੰ ਕੋਲ ਬਿਠਾ ਲੈ ਨੀ
ਤੂੰ ਸਾਨੂੰ ਗਲ ਨਾਲ ਲਾ ਲੈ ਨੀ

ਤਰੰਗਾਂ ਛੇੜਦੇ ਨੇ ਇਹ ਬੋਲ, ਸਾਜਾਂ ਦਾ ਉੱਕਾ ਈ ਸ਼ੋਰ ਨਹੀਂ। ਸੁਰ ਫੁੱਲ ਬਣ ਬਣ ਖਿੜਦੇ ਨੇ ਤੇ ਸਕੂਨ ਗਲਵੱਕੜੀ ਪਾਉਂਦਾ ਲਗਦਾ ਹੈ। ਜਦ ਉਹ ਬੋਲ ਚੁੱਕਦਾ ਹੈ :

ਨੀ ਗੱਲ ਸੁਣਦਾ ਨਹੀਂ
ਇਹ ਦਿਲ ਚੰਦਰਾ ਜਿਹਾ
ਵੱਸੋਂ ਬਾਹਰ ਹੋ ਗਿਆ
ਨੀ ਤੇਰੇ ਨਾਲ ਪਿਆਰ ਹੋ ਗਿਆ---

ਤਾਂ ਰੁੱਖੇ ਦਿਲਾਂ ਉਤੋਂ ਖੁਸ਼ਕੀ ਉੱਡਣ-ਪੁੱਡਣ ਲਗਦੀ ਹੈ, ਪਿਆਰ ਦਾ ਜਜ਼ਬਾ ਖੰਭ ਲਾਉਂਦਾ ਜਾਪਦਾ ਹੈ। 'ਨੀ ਖਾਲੀਪਣ ਜਿਹਾ ਹੋਇਆ ਤੇਰੇ ਬਾਝ ਕੁੜੇ' ਸੁਣਦਿਆਂ ਹੋਂਦ ਅਣਹੋਂਦ ਦਾ ਅਹਿਸਾਸ ਤੇ ਇਕੱਲਤਾ ਦਾ ਖੌਲਣਾ ਹਰ ਮਨ ਮਹਿਸੂਸ ਕਰਦਾ ਹੈ।

ਨਿਰਵੈਰ ਪਨੂੰ ਨੂੰ ਸੁਣਦਿਆਂ ਮੈਂ ਮਹਿਸੂਸ ਕਰਦਾ ਹਾਂ---ਸ਼ਾਇਦ ਮੈਂ ਇੱਥੇ ਗਲਤ ਹੋਵਾਂ ਕਿ ਕਦੇ ਕਦੇ ਨਿਰਵੈਰ ਮੈਨੂੰ ਸ਼ਿਵ ਬਟਾਲਵੀ ਦਾ ਛੋਟਾ 'ਸੱਕਾ ਭਰਾ' ਲੱਗਣ ਲਗਦਾ ਏ, ਜਿਵੇਂ ਕੋਈ ਗਮਾਂ ਦੀ ਗੱਠੜੀ ਸਿਰ ਉਤੇ ਲੱਦੀ ਉਸੇ ਨੂੰ ਈ ਟੋਲਦਾ ਫਿਰਦਾ ਏ, ਜਾਂ ਕਿਤੇ ਸੁਪਨੇ ਵਿਚ ਆਇਆ ਸ਼ਿਵ ਕਹਿ ਗਿਆ ਕਿ ਛੋਟਿਆ, ਆਹ ਮੇਰੀ ਪੈੜ ਵਿਚ ਪੈੜ ਧਰਦਾ ਆਵੀਂ! ਉਸਨੇ ਆਪਣੇ ਕਈ ਗੀਤਾਂ ਵਿੱਚ ਸ਼ਿਵ ਦਾ ਜਿਕਰ ਕੀਤਾ ਹੈ। ਕਦੇ ਲਗਦਾ ਏ ਕਿ ਨਿਰਵੈਰ ਆਪਣੀ ਦਰਦੀਲੀ ਮਧੁਰਤਾ ਨਾਲ ਟੁੱਟੇ ਦਿਲਾਂ ਨੂੰ ਜੋੜ ਰਿਹਾ ਏ, ਮਰਹਮ ਪੱਟੀ ਕਰ ਰਿਹਾ ਏ। ਉਸਨੂੰ ਸੁਣ-ਸੁਣ ਟੁੱਟੇ ਦਿਲ ਧੀਰ ਧਰ ਰਹੇ ਨੇ। ਜੇਰਾ ਵਾਪਿਸ ਆਉਂਦਾ ਜਾਪਦਾ ਏ, ਦੁਖੀ ਹਿਰਦਾ ਸਕੂਨ ਮਹਿਸੂਸਦਾ ਏ, ਇਹੋ ਤਾਂ ਅਸਲ ਕਲਾ ਏ, ਤੇ ਸੱਚੀ ਸੁੱਚੀ ਕਲਾ ਦਾ ਫਰਜ਼ ਵੀ ਹੈ ਕਿ ਦੁਖੀ ਰੂਹ ਨੂੰ ਦੁੱਖ ਵਿਚੋਂ ਬਾਹਰ ਕੱਢਣਾ ਤੇ ਸੁੱਖ ਦੇਣਾ। ਕਦੇ ਇਓਂ ਲੱਗਣ ਲਗਦਾ ਏ ਕਿ ਨਿਰਵੈਰ ਗਾ ਨਹੀਂ ਰਿਹਾ, ਉਹ ਤਾਂ ਅਰਾਧਨਾ ਕਰ ਰਿਹਾ ਹੈ। ਕਦੇ ਜਾਪਦਾ ਹੈ ਕਿ ਉਹ ਇਕ ਪਪੀਹੇ ਦੇ ਰੂਪ ਵਿੱਚ ਕੂਕ ਰਿਹਾ ਏ। ਜੋ ਪਿਆਰ ਦੀ ਪਵਿੱਤਰਤਾ ਦੀ ਕਿਣਮਿਣ ਉਡੀਕਦਾ ਵਿਲਕ ਰਿਹਾ ਏ, ਜਾਂ ਫਿਰ ਜੁਦਾਈ, ਹੇਰਵਾ, ਤੜਪ ਤੇ ਝੋਰਾ ਇਕੋ ਵੇਲੇ ਸਭ ਕੁਝ ਇਕੱਠਿਆਂ ਕਰਕੇ ਘਣੇ ਜੰਗਲ ਵਿਚ ਕੋਇਲ ਕੂਕ ਰਹੀ ਏ।

ਉਸਦਾ ਇਕ ਅਲਾਪ ਕਿਸੇ ਪੁਰਾਣੀ ਮਧੁਰ ਵੀਣਾ ਦੇ ਵੱਜਣ ਵਾਂਗ ਲਗਦਾ ਏ। ਉਸਦੀ ਆਵਾਜ਼ ਦੀ ਵਿਲੱਖਣਤਾਈ ਸਿਰਫ ਉਹਦੇ ਵਾਂਗ ਹੀ ਵਿਲੱਖਣ ਭਰਪੂਰ ਹੈ। ਉਸਨੂੰ ਸੁਣਦਿਆਂ ਇੱਕ ਕਸ਼ਿਸ਼ ਲਗਾਤਾਰ ਹਮੇਸ਼ਾ ਬਣੀ ਰਹਿੰਦੀ ਏ। ਸਾਡੀ ਨਵੀਂ ਪੀੜੀ ਨੇ ਨਿਰਵੈਰ ਨੂੰ ਇਸ ਹੱਦ ਤੀਕ ਅਪਨਾ ਲਿਆ ਏ ਕਿ ਸਵੇਰੇ ਸਵੇਰੇ ਉਸਨੂੰ ਸੁਣਕੇ ਸ਼ਾਂਤੀ ਤੇ ਸਹਿਜ-ਸੁਖ ਮਹਿਸੂਸਦੇ ਨੇ।


ਨਿਰਵੈਰ ਸੁੱਤਿਆਂ-ਜਾਗਦਿਆਂ ਆਪਣਾ ਪਲ- ਪਲ ਆਪਣੇ ਤੇ ਆਪਣੀ ਸ਼ਾਇਰੀ ਨਾਲ ਬਿਤਾਉਂਦਾ ਹੈ। ਸੁਰ ਉਸ ਤੋਂ ਜੁਦਾ ਨਹੀਂ ਹੁੰਦੀ ਤੇ ਸੁਰ ਦੀ ਸਪੇਸ ਉਸ ਕੋਲੋਂ ਦੂਰੀ ਵੱਟੀ ਰਖਦੀ ਹੈ। ਸ਼ਾਇਰੀ ਦਾ ਇਲਹਾਮ ਉਸਨੂੰ ਆਪ ਮੁਹਾਰੇ ਹੁੰਦਾ ਰਹਿੰਦਾ ਹੈ। ਲਗਪਗ ਛੱਬੀ ਸਤਾਈ ਸਾਲ ਦਾ ਨਿਰਵੈਰ ਕੁਦਰਤ ਦਾ ਵਰੋਸਾਇਆ ਹੋਇਆ ਫਨਕਾਰ ਹੈ। ਉਹ ਪਿੰਡ ਹੀ ਪੜਦਾ ਸੀ ਆਪਣੇ ਘਰ ਦੇ ਲਾਗੇ ਹੀ, ਇਕ ਗੁਰੂ ਨਾਨਕ ਪਬਲਿਕ ਸਕੂਲ ਵਿਚ। ਉਥੇ ਲਿਖਾਰੀ ਮੇਜਰ ਸੰਧੂ ਮਲਸੀਆਂ ਵਾਲਾ ਤੇ ਉਹਦੀ ਪਤਨੀ ਪੜਾਉਂਦੇ ਸਨ, ਬੀਬੀ ਸੰਧੂ ਨਿਰਵੈਰ ਨੂੰ ਗੋਦੀ ਬਿਠਾਲਕੇ ਅੱਖਰ ਪਾਉਣੇ ਸਿਖਾਲਦੀ। ਇਹ ਦਸਦੇ ਨੇ ਕਿ ਉਹ ਬੜਾ ਪਿਆਰਾ ਤੇ ਭੋਲਾ ਭਾਲਾ ਜਿਹਾ ਬਾਲਕ ਸੀ, ਸ਼ਰਾਰਤ ਰਤਾ ਨਾ ਕਰਦਾ, ਤੇ ਨਾ ਹੀ ਖੱਪ ਪਾਉਂਦਾ ਸੀ, ਇਥੇ ਹੀ ਉਹਦੀਆਂ ਵੱਡੀਆਂ ਭੈਣਾਂ ਪਰਮਿੰਦਰ ਕੌਰ ਤੇ ਰਾਜਵਿੰਦਰ ਕੌਰ ਇਨਾਂ ਪਾਸ ਪੜਦੀਆਂ ਸਨ। ਉਹ ਅੱਜ ਸੁਪਰ ਸਟਾਰ ਬਣ ਕੇ ਵੀ ਆਪਣੇ ਅਧਿਆਪਕ ਦੇ ਘਰ ਜਾ ਕੇ ਮਿਲਣਾ ਖੁੰਝਾਉਂਦਾ ਨਹੀਂ। ਮੇਜਰ ਸਿੰਘ ਕਹਿੰਦਾ ਹੈ ਕਿ ਉਸ ਵਿਚ ਨਾ ਆਕੜ ਆਈ, ਨਾ ਹੰਕਾਰ ਹੀ ਨੇੜੇ ਢੁੱਕਾ, ਸਗੋਂ ਨਿਮਰਤਾ ਹੋਰ ਵਧੀ ਹੈ। ਮੇਜਰ ਹੁਰਾਂ ਦਾ ਨਿਰਵੈਰ ਦੇ ਮਾਪਿਆਂ ਨਾਲ ਘਰੇਲੂ ਆਉਣ ਜਾਣ ਕਰਕੇ ਸਭ ਇਕ ਦੂਜੇ ਨੂੰ ਨੇੜਿਓਂ ਜਾਣਦੇ-ਪਛਾਣਦੇ ਨੇ।

ਪੰਜਵੀਂ ਉਸਨੇ ਬਾਬਾ ਜੱਸ ਸਕੂਲੋਂ ਕਰ ਲਈ ਤੇ ਛੇਵੀਂ ਵਿਚ ਪੜਨ ਲਈ ਪਟਿਆਲੇ ਭੂਆ ਅਮਰੀਕ ਕੌਰ ਕੋਲ ਘੱਲ ਦਿੱਤਾ ਤੇ ਉਥੇ ਉਸਨੇ ਦਿਲ ਲਾ ਲਿਆ, ਭੂਆ ਦੇ ਬੱਚਿਆਂ ਨਾਲ ਸਿਵਲ ਲਾਈਨ ਦੇ ਸਰਕਾਰੀ ਸਕੂਲ ਵਿਚ ਹੀ ਦਾਖਿਲ ਹੋ ਗਿਆ। ਨਿਰਵੈਰ ਦੇ ਮਾਤਾ ਅਮਨਦੀਪ ਕੌਰ ਪਿਤਾ ਤਰਸੇਮ ਸਿੰਘ ਚਾਹੁੰਦੇ ਸਨ ਕਿ ਉਹਨਾਂ ਦਾ ਬੇਟਾ ਉੱਚ ਵਿੱਦਿਆ ਹਾਸਲ ਕਰਕੇ ਵੱਡਾ ਅਫਸਰ ਵਗੈਰਾ ਬਣੇ ਪਰ ਉਸ ਅੰਦਰ ਤਾਂ ਕਲਾ ਅੰਗੜਾਈ ਲੈ ਰਹੀ ਸੀ, ਤਰਸੇਮ ਸਿੰਘ ਦਸਦੇ ਹਨ ਕਿ ਉਹ ਤੁਰਿਆ ਆਉਂਦਾ ਹੀ ਧੀਮਾ ਧੀਮਾ ਇਹ ਬੋਲ ਗੁਣਗੁਣਾਉਂਦਾ ਹੁੰਦਾ ਸੀ : ਸੋਹਣਿਓਂ ਨਰਾਜਗੀ ਤੇ ਨਹੀ ਜੇ ਗੱਲ ਦਿਲ ਵਾਲੀ ਕਹਿ ਦਿਆਂ--ਸੋ ਇਹ ਸੰਕੇਤ ਸਨ ਉਸਦੀ ਸੰਗੀਤ ਪ੍ਰਤੀ ਨਿਸ਼ਠਾ ਤੇ ਲਗਨ ਦੇ।

ਬਾਰਵੀਂ ਜਮਾਤ ਬਾਅਦ ਨਿਰਵੈਰ ਮਹਿੰਦਰਾ ਕਾਲਜ ਜਾ ਦਾਖਿਲ ਹੋਇਆ, ਇਥੇ ਉਸਨੂੰ ਬੜਾ ਖੂਬਸੂਰਤ ਸਮਾਂ ਮਿਲ ਗਿਆ ਤੇ ਕਾਲਜ ਦੇ ਭੰਗੜੇ ਦੀ ਟੀਮ ਨਾਲ ਬੋਲੀਆਂ ਪਾਉਣ ਲੱਗਿਆ, ਦਿਨੋਂ ਦਿਨ ਆਵਾਜ ਨਿੱਖਰਣ ਲੱਗੀ ਤੇ ਸੁਰੀਲੇ ਗਾਇਕ ਵਜੋਂ ਕਾਲਜ ਵਿਚ ਪਛਾਣ ਬਣਨ ਲੱਗੀ ਤੇ ਇਓਂ ਹੀ ਸਭਿਆਚਾਰਕ ਮੁਕਾਬਲੇ ਜਿੱਤਣ ਲੱਗ ਪਿਆ। ਸੰਗੀਤ ਦੀ ਸੋਝੀ ਪਾਉਣ ਲਈ ਕੁਝ ਦਿਨ ਉਹ ਮਾਸਟਰ ਸਾਗਰ ਜੀ ਪਾਸ ਵੀ ਜਾਂਦਾ ਰਿਹਾ। ਆਪਣੀ ਭੂਆ ਦੇ ਦਾਮਾਦ ਹਰਦੀਪ ਸਿੰਘ ਨਾਲ ਸੰਗੀਤ ਬਾਰੇ ਅਕਸਰ ਹੀ ਸਲਾਹ ਮਸ਼ਵਰਾ ਕਰਦਾ ਰਹਿੰਦਾ। ਇਕ ਦਿਨ ਇਨਾਂ ਨੇ ਆਪੇ ਇਕ ਲਿੰਕ ਬਣਾ ਕੇ ਯੂਟਿਊਬ ਉਤੇ ਪਾਇਆ, ਤਾਂ ਚੰਗਾ ਹੁੰਗਾਰਾ ਮਿਲ ਗਿਆ ਤੇ ਸਬੱਬ ਨਾਲ ਬਦੇਸ਼ ਤੋਂ ਸ਼ਰਨ ਸ਼ੇਰਗਿੱਲ ਹੁਰਾਂ ਦਾ ਸਹਿਯੋਗ ਪ੍ਰਾਪਤ ਹੋ ਗਿਆ। 2018 ਦੇ ਏੜ ਗੇੜ ਦੀ ਗੱਲ ਹੈ ਕਿ ਉਤਸ਼ਾਹ ਹੋਰ ਵਧ ਰਿਹਾ ਸੀ, ਜੁੱਕ ਡੌਕ ਕੰਪਨੀ ਨਾਲ ਸੰਪਰਕ ਹੋ ਗਿਆ ਤੇ ਫਿਰ ਚੱਲ ਸੋ ਚੱਲ। 'ਪਿਸਟਲ' ਗੀਤ ( ਜੋ ਗਿੱਲ ਕੁੱਪੀਆਂ ਨੇ ਲਿਖਿਆ ਸੀ) ਤੋਂ ਆਰੰਭ ਹੋਇਆ ਸਫਰ ਲੰਬੇਰਾ ਤੇ ਸੁਹਾਵਣਾ ਬਣ ਗਿਆ। 'ਬੰਦੂਕ' ਗਾਣਾ ਖੁਦ ਲਿਖਿਆ ਤੇ ਖੂਬ ਚੱਲ ਗਈ ਬੰਦੂਕ ਵੀ। ਉਹ ਜੋ ਆਪਣੀ ਗਾਇਕੀ ਦਾ ਜੋ ਰੰਗ ਵੀ ਗਾਉਂਦਾ, ਖੂਬ ਚੜ੍ਹ ਜਾਂਦਾ। 2022 ਵਿਚ ਧਾਰਮਿਕ ਰੰਗ 'ਗੁਰੂ ਕੀ ਫੌਜ' ਉਸਨੂੰ ਹੋਰ ਹਰਮਨ ਪਿਆਰਾ ਕਰਦਾ ਹੈ, ਉਸਦੀ ਆਵਾਜ ਵਿਚੋਂ ਲੋਕ ਰੰਗ ਕਵੀਸ਼ਰੀ ਦੀ ਝਲਕ ਵੀ ਪੈਂਦੀ ਹੈ। ਨੱਚਣ ਟੱਪਣ ਵਾਲਾ ਜੋ ਕੁਝ ਗਾਇਆ, ਸੱਭੋ ਪਰਵਾਨ ਹੋਇਆ। ਸਰੋਤਾ ਹਰ ਵੰਨਗੀ ਤੇ ਸੁਹਜ ਸੁਆਦ ਭਾਲਦਾ ਹੈ, ਤੇ ਨਿਰਵੈਰ ਇਹ ਗੱਲ ਭਲੀ ਪ੍ਰਕਾਰ ਸਮਝਦਾ ਹੈ। ਬੀਰ ਸਿੰਘ ਨਾਲ ਫਿਲਮ - 'ਸੂਹੇ ਵੇ ਚੀਰੇ ਵਾਲਿਆ' ਬਣਾਈ ਤੇ ਉਹ ਹੀਰੋ ਸੀ। ਹੁਣ ਨਵਾਂ ਫਿਲਮੀ ਕਾਰਜ ਹੋ ਰਿਹਾ ਹੈ, 'ਤੂੰ ਕਹਿ ਤਾਂ ਸਹੀ' ਨਾਂ ਹੇਠ, ਪੇਸ਼ਕਸ਼ ਜਿਊਕ ਡੈਕ ਫਿਲਮਜ ਦੀ। ਨਿਰਦੇਸ਼ਨ ਜਤਿੰਦਰ ਮੁਹਰ ਕਰ ਰਿਹਾ ਹੈ ਤੇ ਲਿਖੀ ਹੈ ਬਲਵਿੰਦਰ ਬੁੱਲਟ ਨੇ। ਨਿਰਵੈਰ ਨਾਲ ਨਜਰ ਆਉਣਗੇ ਨੂਰ ਚਹਿਲ। ਸਰੋਤੇ ਤੇ ਦਰਸ਼ਕ ਉਡੀਕ ਰਹੇ ਨੇ ਅਕਤੂਬਰ ਦੀ 30 ਤਾਰੀਕ।



ਦੇਸ਼ ਬਦੇਸ਼ ਕਈ ਕਈ ਵਾਰ ਸ਼ੋਅ ਕਰ ਆਇਆ, ਜੋ ਖੂਬ ਸਫਲ ਰਹੇ ਨੇ। ਉਹ ਆਪਣੇ ਪਿੰਡੋਂ ਦੂਰ ਰਹਿ ਕੇ ਵੀ ਆਪਣੀ ਜੰਮਣ ਭੋਇੰ ਦੇ ਲਾਗੇ ਲਾਗੇ ਹੀ ਹੈ, ਉਸਨੂੰ ਪਿੰਡ ਨਾਲ ਦਿਲੋਂ ਲਗਾਵ ਹੈ। ਅੱਜ ਆਪਣੇ ਪੋਤੇ ਦੀ ਚੜ੍ਹਤ ਤੇ ਇੱਜਤ ਮਾਣ ਦੇਖਕੇ ਉਸਦੇ ਦਾਦਾ ਸ੍ਰ ਗੁਰਚਰਨ ਸਿੰਘ ਤੇ ਦਾਦੀ ਸੁਰਜੀਤ ਕੌਰ ਸਵਰਗਾਂ ਵਿਚ ਬੈਠੇ ਬੇਹੱਦ ਪਰਸੰਨ ਹੁੰਦੇ ਹੋਣਗੇ। ਉਸਦੇ ਮਾਤਾ ਅਮਨਦੀਪ ਕੌਰ ਤੇ ਪਿਤਾ ਤਰਸੇਮ ਸਿੰਘ ਖਾਲਸਾ ਬੜੇ ਮਾਣ ਨਾਲ ਆਖਦੇ ਨੇ ਕਿ ਸਾਡੇ ਪੁੱਤਰ ਨੇ ਏਨਾ ਮਾਣ ਦਿਲਾ ਦਿੱਤਾ ਏ ਕਿ ਸੱਤ ਜਨਮ ਵੀ ਸੋਚਣਾ ਔਖਾ ਏ, ਹੋਣਹਾਰ ਏਨਾ ਹੈ ਕਿ ਕਦੀ ਕਿਤੋਂ ਉਲਾਂਭਾ ਨਹੀਂ ਲਿਆ, ਕਦੇ ਗੁੱਸੇ ਹੋਣ ਦਾ ਮੌਕਾ ਨਹੀ ਦਿੱਤਾ, ਸਾਨੂੰ ਮਾਣ ਏਂ ਕਿ ਅਸੀਂ ਨਿਰਵੈਰ ਪਨੂੰ ਦੇ ਮਾਪੇ ਹਾਂ।









RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN
LAW GROUP INC.

# Ghuman Law Group
## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ





**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



ਬਰਜਿੰਦਰ ਕੌਰ ਬਿਸਰਾਓ
99889-01324

# ਪੁੱਤਾਂ ਵਰਗੀ ਧੀ

ਸੁਰਜੀਤ ਤੇ ਮਨਜੀਤ ਦੋਵੇਂ ਇੱਕ ਮਾਂ ਦੀ ਕੁੱਖੋਂ ਜਾਏ ਸਕੇ ਭਰਾ ਜ਼ਰੂਰ ਸਨ ਪਰ ਸੁਭਾਅ ਅਤੇ ਕਿਸਮਤ ਪੱਖੋਂ ਦੋਹਾਂ ਦਾ ਜ਼ਮੀਨ ਤੇ ਅਸਮਾਨ ਜਿੰਨਾਂ ਫ਼ਰਕ ਸੀ। ਸੁਰਜੀਤ ਸੁਭਾਅ ਦਾ ਜਿੰਨਾਂ ਨਰਮ ਸੀ ਓਨੀ ਹੀ ਉਸ ਦੀ ਕਿਸਮਤ ਵੀ ਢਿੱਲੀ ਸੀ। ਉਹ ਜਿਹੜੇ ਕੰਮ ਵਿੱਚ ਹੱਥ ਪਾਉਂਦਾ ਸੀ, ਉਸ ਵਿੱਚ ਹੀ ਉਸ ਨੂੰ ਨਾਮੋਸ਼ੀ ਝੱਲਣੀ ਪੈਂਦੀ। ਉਂਝ ਤਾਂ ਬੀ.ਏ. ਕੀਤੀ ਹੋਈ ਸੀ, ਕਦੇ ਪ੍ਰਾਈਵੇਟ ਨੌਕਰੀ ਕਰਦਾ ਤਾਂ ਕਦੇ ਨੌਕਰੀ ਤੋਂ ਮਾਲਕਾਂ ਵੱਲੋਂ ਜਵਾਬ ਮਿਲ ਜਾਂਦਾ ਤੇ ਕਦੇ ਆਪ ਜਵਾਬ ਦੇ ਦਿੰਦਾ। ਕਈ ਵਾਰ ਆਪਣਾ ਕੰਮ ਖੋਲ੍ਹਣ ਦੀ ਕੋਸ਼ਿਸ਼ ਵੀ ਕੀਤੀ ਪਰ ਕੋਈ ਨਾ ਕੋਈ ਅੜਿੱਕਾ ਪੈ ਕੇ ਨਾਕਾਮ ਰਹਿ ਜਾਂਦਾ।

ਇਸ ਤਰ੍ਹਾਂ ਹੀ ਉਹ ਜ਼ਿੰਦਗੀ ਦੇ ਉਸ ਪੜਾਅ ਉੱਤੇ ਪਹੁੰਚ ਗਿਆ ਸੀ ਜਦੋਂ ਕਬੀਲਦਾਰੀ ਮੋਢੇ ਮੋਢੇ ਆ ਜਾਂਦੀ ਹੈ। ਕੋਠੇ ਜਿੱਡੀਆਂ ਸੋਲਾਂ ਤੇ ਅਠਾਰਾਂ ਵਰ੍ਹਿਆਂ ਦੀਆਂ ਦੋ ਧੀਆਂ ਦੀ ਚਿੰਤਾ ਵੀ ਵਧ ਰਹੀ ਸੀ । ਚਾਹੇ ਉਹ ਹਜੇ ਪੜ੍ਹਦੀਆਂ ਹੀ ਸਨ , ਉਹਨਾਂ ਦੀ ਪੜ੍ਹਾਈ ਦੇ ਖ਼ਰਚ ਦੇ ਨਾਲ ਨਾਲ ਉਹਨਾਂ ਦੇ ਵਿਆਹ ਦੀ ਚਿੰਤਾ ਵੀ ਸਤਾ ਰਹੀ ਸੀ। ਕੁੜੀਆਂ ਤੋਂ ਛੋਟਾ ਮੁੰਡਾ ਹਜੇ ਦਸਵੀਂ ਜਮਾਤ ਵਿੱਚ ਈ ਪੜ੍ਹਦਾ ਸੀ। ਸੁਰਜੀਤ ਦਾ ਸਥਾਈ ਕਾਰੋਬਾਰ ਨਾ ਹੋਣ ਕਰਕੇ ਵੀ ਘਰ ਦੀ ਰੋਟੀ ਪਾਣੀ ਅਤੇ ਜਵਾਕਾਂ ਦੀ ਪੜ੍ਹਾਈ ਦਾ ਖਰਚਾ ਪਿੰਡ ਦੀ ਜ਼ਮੀਨ ਦੇ ਠੇਕੇ ਨਾ.ਲ ਤੁਰੀ ਜਾਂਦਾ ਸੀ।

ਓਧਰ ਸੁਰਜੀਤ ਤੋਂ ਦੋ ਸਾਲ ਛੋਟਾ ਭਰਾ ਮਨਜੀਤ ਚਾਹੇ ਦਸ ਜਮਾਤਾਂ ਹੀ ਪਾਸ ਸੀ ਪਰ ਹੈ ਉਹ ਬਹੁਤ ਚੁਸਤ ਚਲਾਕ ਸੀ। ਉਹ ਜਦ ਦਸਵੀਂ ਕਰਕੇ ਹਟਿਆ ਸੀ ਤਾਂ ਪਿੰਡ ਦੇ ਨੇੜੇ ਪੈਂਦੇ ਇੱਕ ਕਸਬੇ ਵਿੱਚ ਹੀ ਟਰੈਕਟਰਾਂ ਦੀ ਵਰਕਸ਼ਾਪ ਤੇ ਕੰਮ ਸਿੱਖਣ ਲੱਗ ਪਿਆ ਸੀ ।

ਉੱਥੇ ਹੀ ਉਹ ਨੌਕਰੀ ਕਰਨ ਲੱਗ ਪਿਆ ਸੀ। ਉਸ ਦੇ ਮਾਲਕਾਂ ਨੇ ਉਸ ਨੂੰ ਕਦੇ ਕਦਾਈਂ ਘਰ ਦੇ ਕੰਮਾਂ ਵਿੱਚ ਹੱਥ ਵਟਾਉਣ ਲੈ ਜਾਣਾ ਜਾਂ ਹੋਰ ਕੰਮ ਕਾਰ ਕਰਨ ਨੂੰ ਆਖ ਦੇਣਾ ਤਾਂ ਉਹਨਾਂ ਦੀ ਇਕਲੌਤੀ ਕੁੜੀ ਨਾ.ਲ ਪਿਆਰ ਹੋ ਗਿਆ। ਇਕਲੌਤੀ ਕੁੜੀ ਦੀ ਜ਼ਿੱਦ ਅੱਗੇ ਮਾਪਿਆਂ ਨੂੰ ਝੁਕਣਾ ਪਿਆ। ਵੈਸੇ ਵੀ ਇੱਕ ਤਾਂ ਮਨਜੀਤ ਬਹੁਤ ਸੁਨੱਖਾ ਤੇ ਮਿਹਨਤੀ ਹੋਣ ਕਰਕੇ ਤੇ ਦੂਜਾ ਕੁੜੀ ਦੇ ਮਾਪਿਆਂ ਨੂੰ ਪਤਾ ਸੀ ਕਿ ਘਰ ਜਵਾਈ ਹੀ ਰੱਖਣਾ ਸੀ ,ਇਸ ਲਈ ਉਹ ਛੇਤੀ ਹੀ ਮੰਨ ਗਏ ਸਨ। ਵਿਆਹ ਤੋਂ ਬਾਅਦ ਉਹ ਘਰ ਜਵਾਈ ਬਣ ਕੇ ਸ਼ਹਿਰ ਰਹਿਣ ਲੱਗਾ ਤੇ ਉਸ ਦੇ ਘਰ ਦੋ ਜੁੜਵਾਂ ਪੁੱਤਰ ਹੋ ਗਏ ਸਨ। ਵਰਕਸ਼ਾਪ ਦਾ ਮਾਲਕ ਬਣ ਕੇ ਅੱਗੋਂ ਕਈ ਕੰਮ ਕਰਨ ਵਾਲੇ ਲਾ ਕੇ ਉਸ ਨੇ ਕੰਮ ਬਹੁਤ ਵਧਾ ਲਿਆ ਸੀ। ਸ਼ਹਿਰ ਵਿੱਚ ਤਿੰਨ ਚਾਰ ਹੋਰ ਵਰਕਸ਼ਾਪਾਂ ਖੋਲ੍ਹ ਕੇ ਸ਼ਹਿਰ ਦੇ ਧਨਵਾਨ ਲੋਕਾਂ ਵਿੱਚ ਗਿਣਿਆ ਜਾਣ ਲੱਗਿਆ। ਹੁਣ ਤਾਂ ਉਸ ਦੇ ਪੁੱਤਰ ਵੀ ਸੋਲਾਂ ਸਾਲ ਦੇ ਹੋ ਗਏ ਸਨ। ਉਹਨਾਂ ਨੂੰ ਪੜ੍ਹਨ ਲਈ ਵਿਦੇਸ਼ ਭੇਜ ਦਿੱਤਾ ਸੀ। ਜਦੋਂ ਤੋਂ ਉਸ ਨੇ ਵਿਆਹ ਕਰਵਾ ਕੇ ਸ਼ਹਿਰ ਵੱਲ ਨੂੰ ਮੂੰਹ ਕੀਤਾ ਸੀ, ਪਿੰਡ ਤਾਂ ਕਦੇ ਹੀ ਚੱਕਰ ਮਾਰਦਾ ਸੀ।

ਇੱਕ ਦਿਨ ਸੁਰਜੀਤ ਦਾ ਕੰਮ ਤੇ ਜਾਂਦੇ ਜਾਂਦੇ ਦੇ ਸਕੂਟਰ ਦਾ ਕਿਸੇ ਗੱਡੀ ਨਾਲ ਐਕਸੀਡੈਂਟ ਹੋ ਗਿਆ,ਉਸ ਦੀ ਇੱਕ ਲੱਤ ਬਿਲਕੁਲ ਨਕਾਰਾ ਹੋ ਗਈ,ਉਹ ਅਪਾਹਜ ਬਣ ਕੇ ਘਰ ਬਹਿ ਗਿਆ। ਕੋਠੇ ਜਿੱਡੀ ਕਬੀਲਦਾਰੀ, ਜ਼ਮੀਨ ਦੇ ਥੋੜ੍ਹੇ ਜਿਹੇ ਠੇਕੇ ਨਾ.ਲ ਉਸ ਦੀ ਘਰਵਾ.ਲੀ ਆਪਣੀ ਸਿਆਣਪ ਨਾਲ ਕਿਵੇਂ ਘਰ ਚਲਾ ਰਹੀ ਸੀ,ਇਹ ਤਾਂ ਉਹ ਤੇ ਉਸ ਦਾ ਰੱਬ ਹੀ ਜਾਣਦਾ ਸੀ। ਵੱਡੀ ਕੁੜੀ ਨੇ ਗ੍ਰੈਜੂਏਸ਼ਨ ਕਰ ਲਈ ਸੀ,ਛੋਟੀ ਕੁੜੀ ਦਾ ਵੀ ਬੀ ਏ ਦਾ ਆਖ਼ਰੀ ਸਾਲ ਸੀ ਕਿ ਉਹਨਾਂ ਦੀ ਗੁਆਂਢਣ ਆਪਣੇ ਭਤੀਜੇ ਲਈ ਵੱਡੀ ਕੁੜੀ ਦਾ ਰਿਸ਼ਤਾ ਮੰਗਣ ਆਈ। ਸੁਰਜੀਤ ਨੇ ਸੋਚਿਆ ਭਰਾ ਨਾਲ ਗੱਲ ਕਰਕੇ ਨਾ.ਲੇ ਤਾਂ ਦੱਸ ਦਿੰਦਾ ਹਾਂ ਤੇ ਨਾ.ਲ ਹੀ ਥੋੜ੍ਹੀ ਬਹੁਤੀ ਮਦਦ ਵੀ ਮੰਗ ਲਵਾਂਗਾ। ਉਸ ਨੇ ਮਨਜੀਤ ਨੂੰ ਫ਼ੋਨ ਲਾਇਆ ਤੇ ਸਾਰੀ ਗੱਲ ਦੱਸੀ ।

ਮਨਜੀਤ ਨੇ ਤਾਂ ਸ਼ੁਰੂ ਤੋਂ ਹੀ ਕਦੇ ਆਪਣੇ ਭਰਾ ਦੀ ਮਜ਼ਬੂਰੀ ਨੂੰ ਨਹੀਂ ਸੀ ਸਮਝਿਆ ਹੁਣ ਉਸ ਨੇ ਕੀ ਸਮਝਣਾ ਸੀ।ਜੇ ਚਾਹੁੰਦਾ ਤਾਂ ਉਹ ਆਪਣੀ ਕਿਸੇ ਇੱਕ ਵਰਕਸ਼ਾਪ ਦਾ ਮੈਨੇਜਰ ਬਣਾ ਕੇ ਭਾਵੇਂ ਭਰਾ ਨੂੰ ਕੁਰਸੀ ਤੇ ਬੈਠਾ ਦਿੰਦਾ। ਲੋਕਾਂ ਨੂੰ ਵੀ ਤਾਂ ਨੌਕਰੀ ਤੇ ਰੱਖ ਕੇ ਮੋਟੀਆਂ ਤਨਖਾਹਾਂ ਦਿੰਦਾ ਹੀ ਸੀ। ਪਰ ਉਸ ਨੂੰ ਤਾਂ ਆਪਣੀ ਚੰਗੀ ਕਿਸਮਤ ਅਤੇ ਅਮੀਰੀ ਦਾ ਬਹੁਤ ਘੁਮੰਡ ਸੀ। ਉਸ ਨੇ ਸੁਰਜੀਤ ਨੂੰ ਸਾਫ਼ ਸਾਫ਼ ਕਹਿ ਦਿੱਤਾ," ਬਾਈ , ਮੈਂ ਤੇਰੀ ਮਜ਼ਬੂਰੀ ਨੂੰ ਤਾਂ ਸਮਝਦਾਂ....ਪਰ.... ਤੈਨੂੰ ਪਤਾ... ਜਿੰਨੇ ਵੱਡੇ ਮੂੰਹ ਓਨੀਆਂ ਵੱਡੀਆਂ ਮੁਲਾਹਜ਼ੇਦਾਰੀਆਂ .... ਮੈਂ ਹਜੇ ਹੁਣੇ ਗਰੀਬ ਕੁੜੀਆਂ ਦੇ ਵਿਆਹ ਦੀ ਮਦਦ ਲਈ ਇੱਕ ਸੰਸਥਾ ਦੇ ਨਾਂ ਦੋ ਲੱਖ ਦਾ ਚੈੱਕ ਕੱਟ ਕੇ ਦਿੱਤਾ.... ਓਹ ਸੰਸਥਾ ....ਮੇਰੀ ਸਲਾਹ ਬਿਨਾਂ ਕੋਈ ਕੰਮ ਨੀ ਕਰਦੀ ..... ਦਸ ਦਿਨਾਂ ਤੱਕ ਸਾਡੇ ਸ਼ਹਿਰ ਵਿੱਚ ਬਹੁਤ ਵੱਡੀ ਸ਼ੋਭਾ ਯਾਤਰਾ ਨਿਕਲਣੀ ਆ.... ਪ੍ਰਧਾਨ ਹੋਣ ਦੇ ਨਾਤੇ ਲੰਗਰ ਦਾ ਪ੍ਰਬੰਧ ਮੇਰੇ ਵੱਲੋਂ ਕੀਤਾ ਜਾਣਾ..... ਦੋ ਤਿੰਨ ਲੱਖ ਦਾ ਖਰਚਾ ਉਹ ਹੋ ਜਾਣਾ...... ਬੱਸ ਇਹੋ ਜਿਹੇ ਹੋਰ ਨਿੱਕੇ ਮੋਟੇ ਖ਼ਰਚੇ ਹੋਈ ਜਾਂਦੇ ਆ ..... ਨਹੀਂ ਤਾਂ ਮੈਂ ਤੇਰੀ ਮਦਦ ਜ਼ਰੂਰ ਕਰਦਾ......।"

ਸੁਰਜੀਤ ਦੀ ਵੱਡੀ ਕੁੜੀ ਆਪਣੇ ਚਾਚੇ ਦੇ ਮੂੰਹੋਂ ਕੋਰਾ ਕਰਾਰਾ ਜਵਾਬ ਸੁਣ ਆਪਣੇ ਪਿਓ ਨੂੰ ਆਖਣ ਲੱਗੀ," ਪਾਪਾ... ਮੈਂ ਨਹੀਂ ਹਜੇ ਵਿਆਹ ਕਰਵਾਉਣਾ... ਮੈਂ ਕਮਾਉਣ ਜੋਗੀ ਹੋ ਗਈ ਹਾਂ... ਤੇ ਹਜੇ ਮੈਂ ਕੁਝ ਬਣਨ ਲਈ ਹੋਰ ਵੀ ਪੜ੍ਹਨਾ ਹੈ.... !"

"ਪਰ ...... ਪਰਸੋਂ ਨੂੰ ਮੁੰਡੇ ਵਾਲੇ ਤੈਨੂੰ ਦੇਖਣ ਆ ਰਹੇ ਨੇ.... ਕਿਸੇ ਨੂੰ ਇਸ ਤਰ੍ਹਾਂ ਜਵਾਬ ਦੇਣਾ ਚੰਗਾ ਨਹੀਂ ਲੱਗਦਾ... ਇਸ ਵਿੱਚ ਵਿਚਾਰੀ ਆਪਣੀ ਗੁਆਂਢਣ ਦੀ ਵੀ ਬੇਜ਼ਤੀ ਆ... " ਮਾਂ ਨੇ ਧੀ ਨੂੰ ਸਮਝਾਉਂਦਿਆਂ ਕਿਹਾ ਪਰ ਉਹ ਨਾ ਮੰਨੀ।

ਮਾਂ ਪਿਓ ਕੁੜੀ ਨੂੰ ਗੁੱਸੇ ਵੀ ਹੋਏ, ਸਮਝਾਇਆ ਵੀ ਪਰ ਉਸ ਨੂੰ ਚਾਚੇ ਦੀ ਆਪਣੇ ਲਾਚਾਰ ਪਿਓ ਨੂੰ ਜਵਾਬ ਦੇਣ ਵਾ.ਲੀ ਗੱਲ ਦੀ ਤਲਖ਼ੀ ਚੜ੍ਹ ਗਈ ਸੀ ,ਉਸ ਦੇ ਮਨ ਅੰਦਰ ਵੱਡੀ ਧੀ ਹੋਣ ਨਾਤੇ ਮਾਪਿਆਂ ਪ੍ਰਤੀ ਆਪਣੇ ਫ਼ਰਜ਼ ਜਾਗ ਪਏ ਸਨ। ਮਾਂ ਨੇ ਗੁਆਂਢਣ ਨਾ.ਲ ਗੱਲ ਕੀਤੀ ਤਾਂ ਉਸ ਨੇ ਛੋਟੀ ਕੁੜੀ ਦਾ ਰਿਸ਼ਤਾ ਕਰਨ ਦੀ ਗੱਲ ਕੀਤੀ, ਕੁੜੀ ਵੀ ਮੰਨ ਗਈ, ਮੁੰਡੇ ਵਾਲੇ ਸਾਊ ਸਨ,ਮੁੰਡਾ ਨੌਕਰੀ ਕਰਦਾ ਸੀ ਤੇ ਅਗਲੇ ਸਾਦਾ ਜਿਹਾ ਵਿਆਹ ਕਰਕੇ ਕੁੜੀ ਨੂੰ ਵਿਆਹ ਕੇ ਲੈ ਗਏ।

ਵੱਡੀ ਕੁੜੀ ਨੇ ਪ੍ਰਾਈਵੇਟ ਦਫ਼ਤਰ ਵਿੱਚ ਨੌਕਰੀ ਕਰ ਲਈ ਤੇ ਨਾ.ਲ ਦੀ ਨਾ.ਲ ਉੱਚ ਅਹੁਦੇ ਦੀ ਨੌਕਰੀ ਦੀ ਤਿਆਰੀ ਕਰਨ ਲੱਗੀ। ਦੋ ਸਾਲ ਬੀਤ ਗਏ ਸਨ,ਉਸ ਦੀ ਤਨਖ਼ਾਹ ਨਾਲ ਘਰ ਦੀ ਆਰਥਿਕ ਸਥਿਤੀ ਥੋੜ੍ਹੀ ਸੁਧਰ ਗਈ ਸੀ , ਛੋਟੇ ਭਰਾ ਦੀ ਪੜ੍ਹਾਈ ਵਿੱਚ ਵੀ ਹੰਭਲਾ ਲੱਗ ਰਿਹਾ ਸੀ। ਸੁਰਜੀਤ ਦੀ ਵੱਡੀ ਧੀ ਹੋਰ ਪੜ੍ਹਾਈ ਕਰਕੇ , ਵੱਡੇ ਵੱਡੇ ਪੇਪਰ ਪਾਸ ਕਰਕੇ ਕਿਸੇ ਸਰਕਾਰੀ ਉੱਚੇ ਅਹੁਦੇ ਤੇ ਲੱਗ ਗਈ ਸੀ। ਭਰਾ ਦੀ ਪੜ੍ਹਾਈ ਦੇ ਨਾ.ਲ ਦੀ ਨਾ.ਲ ਉਹ ਆਪਣੇ ਮਾਪਿਆਂ ਦੀਆਂ ਸੁੱਖ ਸਹੂਲਤਾਂ ਦਾ ਧਿਆਨ ਰੱਖਦੀ।

ਭਰਾ ਨੂੰ ਵੀ ਪੜ੍ਹ ਲਿਖਾ ਕੇ ਆਪਣੇ ਵਾਂਗ ਵੱਡਾ ਅਫ਼ਸਰ ਬਣਾ ਦਿੱਤਾ ਤੇ ਉਸ ਦਾ ਵੀ ਵਿਆਹ ਕਰ ਦਿੱਤਾ। ਆਪ ਵੀ ਆਪਣੇ ਨਾਲ ਲੱਗੇ ਅਫ਼ਸਰ ਨਾ.ਲ ਵਿਆਹ ਕਰਵਾ ਲਿਆ। ਮਾਪਿਆਂ ਨੂੰ ਕਦੇ ਆਪਣੇ ਕੋਲ ਲੈ ਜਾਇਆ ਕਰਦੀ ਤੇ ਕਦੇ ਉਹ ਆਪਣੇ ਅਫ਼ਸਰ ਪੁੱਤ ਕੋ.ਲ ਰਹਿੰਦੇ। ਵੱਡੀ ਕੁੜੀ ਨੇ ਸੁਰਜੀਤ ਸਿੰਘ ਨੂੰ ਪੁਰਾਣੇ ਹੰਢਾਏ ਹੋਏ ਬੁਰੇ ਦਿਨ ਭੁਲਾ ਦਿੱਤੇ ਸਨ।

ਕਰੀਬ ਦਸ ਬਾਰਾਂ ਵਰ੍ਹੇ ਬੀਤ ਗਏ ਸਨ। ਸੁਰਜੀਤ ਦੀ ਵੱਡੀ ਕੁੜੀ ਅਫ਼ਸਰ ਹੋਣ ਦੇ ਨਾਤੇ ਸ਼ਹਿਰ ਵਿੱਚ ਬਣੇ ਬਿਰਧ ਆਸ਼ਰਮ ਦਾ ਨਿਰੀਖਣ ਕਰਨ ਲਈ ਗਈ ਤਾਂ ਉੱਥੇ ਮੌਜੂਦ ਸਾਰੇ ਬਜ਼ੁਰਗਾਂ ਨਾ.ਲ ਮੁਲਾਕਾਤ ਕਰਦੀ ਹੋਈ ਅੱਗੇ ਵਧ ਰਹੀ ਸੀ ਕਿ ਜਿਸ ਬਜ਼ੁਰਗ ਜੋੜੇ ਨਾ.ਲ ਹੁਣ ਗੱਲ ਕਰਨ ਲੱਗੀ ਸੀ ਉਹਨਾਂ ਨੂੰ ਦੇਖਦੇ ਸਾਰ ਚੌਂਕ ਗਈ। "ਚਾਚਾ ਜੀ ਤੇ ਚਾਚੀ ਜੀ, ਤੁਸੀਂ....ਇੱਥੇ...?"

"ਹਾਂ ਪੁੱਤਰ! ਮੇਰੇ ਦੋਵੇਂ.......ਨਲਾਇਕ ਪੁੱਤਾਂ ਨੇ ......ਬਾਹਰੋਂ ਆ ਕੇ....... ਸਾਰੀ ਜਾਇਦਾਦ ਧੋਖੇ ਨਾਲ ਆਪਣੇ ਨਾਂ ਕਰਵਾ ਕੇ....ਵੇਚ ਕੇ......ਪੈਸਾ ਧੇਲਾ ਸਭ ਲੈ ਕੇ ..... ਵਿਦੇਸ਼ ਵਾਪਸ ਚਲੇ ਗਏ... ਓਧਰਲੀਆਂ ਗੋਰੀਆਂ ਨਾਲ ਹੀ ਵਿਆਹ ਕਰਵਾਏ ਹੋਏ ਨੇ...... ਸਾਡੇ ਹੱਥ ਪੱਲੇ ਤਾਂ ਓਹ ਕੁਝ ਨੀ ਛੱਡ ਕੇ ਗਏ....।" ਬਜ਼ੁਰਗ,ਬੇਬਸ ਚਾਚਾ ਗੱਲ ਦੱਸਦਾ ਹੋਇਆ ਉਸ ਨਾਲ ਅੱਖ ਨੀਂ ਮਿਲਾ ਪਾ ਰਿਹਾ ਸੀ ।ਪਰ ਕੁੜੀ ਨੇ ਕਿਹਾ,"ਚਾਚਾ ਜੀ..... ਮੇਰੇ ਹੁੰਦੇ ਹੋਏ ਤੁਸੀਂ ਐਥੇ ਨਹੀਂ ਰਹੋਗੇ।"

ਉਹ ਉਹਨਾਂ ਨੂੰ ਜਦ ਆਪਣੇ ਘਰ ਲੈਕੇ ਗਈ ਤਾਂ ਮਨਜੀਤ ਆਪਣੇ ਉਸ ਭਰਾ ਸਾਹਮਣੇ ਲਾਚਾਰ ਹੱਥ ਜੋੜੀਂ ਖੜ੍ਹਾ ਸੀ,ਕਦੇ ਜਿਸ ਨੂੰ ਉਹ ਇਨਸਾਨ ਨਹੀਂ ਸਮਝਦਾ ਸੀ ਤੇ ਨਾ ਹੀ ਉਸ ਦੀ ਕਦੇ ਮਜ਼ਬੂਰੀ ਸਮਝੀ ਸੀ। ਸੁਰਜੀਤ ਸਿੰਘ ਦੀ ਧੀ ਨੇ ਖੇਤਾਂ ਵਿੱਚ ਇੱਕ ਛੋਟਾ ਜਿਹਾ ਘਰ ਬਣਾ ਕੇ ਫ਼ਾਰਮ ਹਾਊਸ ਬਣਾ ਦਿੱਤਾ ਸੀ। ਕਦੇ ਉਸ ਦੇ ਸੱਸ ਸਹੁਰਾ, ਮਨਜੀਤ ਤੇ ਸੁਰਜੀਤ ਓਥੇ ਰਹਿੰਦੇ , ਹਰ ਐਤਵਾਰ ਸਾਰੇ ਭੈਣ ਭਰਾ ਆਪਣੇ ਆਪਣੇ ਪਰਿਵਾਰਾਂ ਨਾਲ ਉਹਨਾਂ ਨਾ.ਲ ਸਮਾਂ ਬਿਤਾਉਂਦੇ ਤੇ ਉਹਨਾਂ ਦੀ ਹਰ ਖੁਸ਼ੀ ਦਾ ਧਿਆਨ ਰੱਖਦੇ। ਮਨਜੀਤ ਬੜੇ ਮਾਣ ਤੇ ਲਾਡ ਨਾਲ ਸਾਰਿਆਂ ਵਿੱਚ ਬੈਠਾ ਸੁਰਜੀਤ ਦੀ ਉਸੇ ਵੱਡੀ ਧੀ ਬਾਰੇ ਆਖ਼ਦਾ ,"ਇਹ ਤਾਂ ਸਾਡੀ ਪੁੱਤਾਂ ਵਰਗੀ ਧੀ ਹੈ," ਕਦੇ ਜਿਸ ਦੇ ਵਿਆਹ ਲਈ ਮਦਦ ਦੇਣ ਤੋਂ ਇਨਕਾਰ ਕਰ ਦਿੱਤਾ ਸੀ।




JK TYRE INC
JK TYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
STEER TIRE
295/75R22.5
With Installation
Singh: 510-766-9382
SPECIAL OFFER !!
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
Feel the difference
BARKLEY
PIRELLI
MICHELIN
A better way forward
BRIDGESTONE
Firestone
YOKOHAMA
PEARLY
NAMA
TOYO TIRES
driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

**ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ**


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP

GHUMAN LAW GROUP INC.
Criminal Defense, Family and Immigration Law

**Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ**

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਅਸੀਂ ਸਿਦਕ ਨਿਭਾਉਂਦੇ ਹਾਂ

ਤਵੀਆਂ ਉੱਤੇ ਰੜ੍ਹੇ ਅਸੀਂ।
ਦੇਗਾਂ ਦੇ ਵਿੱਚ ਕੜ੍ਹੇ ਅਸੀਂ।
ਚਰਖੜੀਆਂ ਤੇ ਚੜ੍ਹ ਅਸੀਂ।
ਜੰਡਾਂ ਦੇ ਨਾਲ ਸੜੇ ਅਸੀਂ।
ਕੰਧਾਂ ਦੇ ਵਿੱਚ ਜੜੇ ਅਸੀਂ।
ਵਿੱਚ ਮੈਦਾਨਾ ਲੜੇ ਅਸੀਂ।
ਜੁਲਮ ਦੇ ਅੱਗੇ ਅੜੇ ਅਸੀਂ।
ਤਲਵਾਰਾਂ ਤੋਂ ਨਾ ਡਰੇ ਅਸੀਂ।
ਪਾਣੀਆਂ ਵਿੱਚ ਹੜੇ ਅਸੀਂ।
ਹੱਕਾਂ ਦੇ ਲਈ ਖੜੇ ਅਸੀਂ।
ਪਾਠ ਸਿਦਕ ਦੇ ਪੜ੍ਹੇ ਅਸੀਂ।
ਰਾਹ ਸੱਚ ਦੇ ਫੜੇ ਅਸੀਂ।
ਇਹ ਅੱਖਰ ਜੋ ਗੁਰੂ ਸਿਖਾਏ।
ਵਾਂਗ ਤਵੀਤਾ ਮੜੇ ਅਸੀਂ।
ਸੀਸ ਤਲੀ ਤੇ ਰੱਖ ਕੇ 'ਪੱਤੋ'।
ਵਿੱਚ ਮੈਦਾਨਾ ਵੜੇ ਅਸੀ।
ਫਿਰ ਵੀ ਕਿਸੇ ਹਾਰ ਨਾ ਮੰਨੀ।
ਦੁੱਖੜੇ ਝੱਲੇ ਬੜੇ ਅਸੀ।



SANJHI SOCH
ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

# ਗਜ਼ਲਾਂ

ਗ਼ਜ਼ਲ
ਲੱਗ ਰਿਹਾ ਸੀ ਕਿ ਘਰ ਵਿੱਚ ਤਨਹਾ ਹਾਂ!
ਮੈਂ ਤਾਂ ਲੇਕਿਨ ਨਗਰ ਵਿੱਚ ਤਨਹਾ ਹਾਂ!
ਨਾਲ ਮੇਰੇ ਕਾਫ਼ਲਾ ਤਾਂ ਹੈ ਲੇਕਿਨ!
ਹੈ ਤਅੱਜੁਬ ਸਫ਼ਰ ਵਿੱਚ ਤਨਹਾ ਹਾਂ!
ਚਾਹੁਣ ਵਾਲੇ ਹਜ਼ਾਰ ਨੇ ਫਿਰ ਵੀ!
ਹਰ ਕਿਸੇ ਦੀ ਨਜ਼ਰ ਵਿੱਚ ਤਨਹਾ ਹਾਂ!

ਗ਼ਜ਼ਲ
ਸ਼ਰਾਫ਼ਤ ਦਾ ਜੋ ਗਾਵੇਗਾ ਤਰਾਨਾ!
ਉਸੇ ਨੂੰ ਕੱਟ ਖਾਵੇਗਾ ਜ਼ਮਾਨਾ!
ਜੋ ਖ਼ੁਦ ਡੁੱਬੇ ਹੋਏ ਨੇ ਉਹਨਾਂ ਖ਼ਾਤਰ!
ਭਲਾ ਕਿਉਂ ਹੈ ਜ਼ਰੂਰੀ ਡੁੱਬ ਜਾਣਾ!
ਫ਼ਕਤ ਮੰਗੀ ਮੁਹੱਬਤ, ਕਦ ਕਿਹਾ ਸੀ!
ਸਿਤਾਰੇ ਅਸਮਾਨੋਂ ਤੋੜ ਲਿਆਣਾ!

ਗ਼ਜ਼ਲ
ਪਿਆਰ ਦੀ ਪਹਿਲੀ ਨਿਸ਼ਾਨੀ ਭੁੱਲ ਜਾ!
ਬੀਤੇ ਦਿਨਾਂ ਦੀ ਕਹਾਣੀ ਭੁੱਲ ਜਾ!
ਮਨ 'ਤੇ ਅਸਰ ਤੇਰਾ ਹੀ ਹੋਵੇਗਾ!
ਕਿਸ ਨੇ ਕੀਤੀ ਬਦਜ਼ੁਬਾਨੀ ਭੁੱਲ ਜਾ!
ਮੇਰੇ ਦਿਲ ਵਿੱਚ ਜੋ ਰਹਿੰਦੀ ਹੈ ਸਦਾ!
ਉਸ ਪੁਰਾਣੀ ਨਿਸ਼ਾਨੀ ਭੁੱਲ ਜਾ!

SANJHI SOCH
ਬਲਜੀਤ ਸਿੰਘ
ਹਾਂਸੀ, ਹਰਿਆਣਾ
9812214462



LARRY T. NIERMEYER



Attorney at Law

OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447

1420 F STREET ST_ 2ND FLOOR MODESTO, CA 95354

Email : ltniermeyer@aol.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# WHOLE HOME SOLAR & BATTERY STARTING AT $25,000

**For a standard 5kW Solar & 14kWh Battery system**

Roof or main panel upgrades not included



- **Clear & Up-Front Pricing**
- **High-Efficiency Components**
- **Permits and Utility Approvals Included**
- **Protect Existing NEM 2.0** (Via Non-Export Configuration)

## CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)

CSLB Contractor License #1096233 • C-10 Electrical, C-39 Roofing, B-General Building

*Pricing & offer details vary by location & applicant.*